ੴ ਵਾਹਿਗੁਰੂ ਜੀ ਕੀ ਫ਼ਤਹ॥

# ਖ਼ਾਲਸਾ ਅਖ਼ਬਾਰ

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੫੮ ਜੁਲਾਈ 2026 ਅੰਕ ੧

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ



ਸ਼ਹੀਦ ਭਾਈ ਮਨੀ ਸਿੰਘ ਜੀ




ਮੁੱਖ ਸੰਪਾਦਕ
**ਗਿਆਨੀ ਗੁਰਜੀਤ ਸਿੰਘ ਪਟਿਆਲਾ**

ਸੰਪਾਦਕ
**ਗੁਰਪ੍ਰੀਤ ਸਿੰਘ**

ਉਪ ਸੰਪਾਦਕ
**ਮੇਜਰ ਸਿੰਘ**

ਸੰਪਾਦਕ (ਅੰਗਰੇਜ਼ੀ ਸੈਕਸ਼ਨ)
**ਮਨਪ੍ਰੀਤ ਕੌਰ**



*Published by*
**TAKHAT TAJ LTD**
Company number 16282266

Our UK Bank Account Details:
Account Holder Name: TAKHAT TAJ LTD
Account Number: 50101915
Sort Code: 20-08-64

## ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

# ਤਤਕਰਾ


| | | |
|---|---|---|
| – ਸੰਪਾਦਕੀ | | ੩ |
| ◆ ਸਾਵਣ ਮਹੀਨੇ ਦੇ ਪ੍ਰਸੰਗ ਵਿਚ ਵਿਚਾਰ | –ਗਿਆਨੀ ਗੁਰਜੀਤ ਸਿੰਘ ਪਟਿਆਲਾ | ੪ |
| ◆ ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ | –ਪ੍ਰਕਾਸ਼ ਕੌਰ | ੬ |
| ◆ ਗੁਰਗੱਦੀ ਅਤੇ ਅਨੋਖੇ ਐਲਾਨ | –ਲੇਖਕ: ਮਿਸਟਰ ਐਮ ਏ ਮੈਕਾਲਿਫ<br>–ਅਨੁ: ਡਾ. ਜੋਧ ਸਿੰਘ | ੮ |
| ◆ ਪੂਰਨ ਪ੍ਰਭੂਸੱਤਾ ਸੰਪੰਨ- ਸ੍ਰੀ ਅਕਾਲ ਤਖ਼ਤ ਸਾਹਿਬ | –ਡਾ. ਸੁਖਦਿਆਲ ਸਿੰਘ | ੧੨ |
| ◆ ਭਾਈ ਮਨੀ ਸਿੰਘ ਜੀ ਸ਼ਹੀਦ | –ਸ. ਜਸਵੰਤ ਸਿੰਘ 'ਅਜੀਤ' | ੧੫ |
| ◆ ਭਾਈ ਤਾਰੂ ਸਿੰਘ ਦੇ ਵਾਰਸ | –ਡਾ. ਜਸਵੰਤ ਸਿੰਘ | ੧੮ |
| ◆ ਜਿਨ੍ਹਾਂ ਧਰਮ ਨਹੀਂ ਹਾਰਿਆ | –ਸ. ਗੁਰਮੀਤ ਸਿੰਘ | ੨੧ |
| ◆ ਮਾਂਗਨਾ ਮਾਂਗਨੁ ਨੀਕਾ | –ਡਾ. ਜਸਵੰਤ ਸਿੰਘ ਨੇਕੀ | ੨੩ |
| ◆ ਗੁਰਮਤਿ ਖੜ੍ਹੀ ਐ ਸੱਚ ਦੇ ਪੱਖ ਵਿਚ | –ਗਿਆਨੀ ਸੰਤ ਸਿੰਘ ਮਸਕੀਨ | ੨੪ |
| ◆ ਸੋ ਕਹੀਏ ਅਕਾਲੀ | –ਡਾ. ਇੰਦਰਜੀਤ ਸਿੰਘ ਗੋਗੋਆਣੀ | ੨੫ |
| ◆ ਜੀਵਨ ਦੀ ਤਰੱਕੀ ਦਾ ਰਾਜ਼ | | ੨੯ |
| ◆ ਮੈਂ ਕੌਣ ਹਾਂ? | –ਡਾ. ਜਸਵੰਤ ਸਿੰਘ 'ਨੇਕੀ' | ੩੧ |
| ◆ ਸ਼ਹੀਦ ਊਧਮ ਸਿੰਘ | –ਡਾ. ਗੁਰਪ੍ਰੀਤ ਸਿੰਘ | ੩੫ |
| ◆ ਨਸ਼ਿਆਂ ਦੀ ਬੁਨਿਆਦ | –ਡਾ. ਸ਼ਿਆਮ ਸੁੰਦਰ ਦੀਪਤੀ | ੩੬ |

ਸੰਪਾਦਕਾਂ ਵੱਲੋਂ

# "ਖ਼ਾਲਸਾ ਅਖ਼ਬਾਰ"(ਲਾਹੌਰ)
# (੧੩ ਜੂਨ ੧੮੮੬)

ਖ਼ਾਲਸਾ ਅਖ਼ਬਾਰ ਪੰਜਾਬੀ ਭਾਸ਼ਾ ਦਾ ਇੱਕ ਪ੍ਰਸਿੱਧ ਸਿੱਖ ਅਖਬਾਰ ਸੀ, ਜੋ ਲਾਹੌਰ ਤੋਂ ਪ੍ਰਕਾਸ਼ਿਤ ਹੁੰਦਾ ਸੀ। ਇਸ ਦੀ ਸਥਾਪਨਾ ੧੮੮੬ ਈ. ਵਿੱਚ ਗਿਆਨੀ ਦਿੱਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੀਤੀ ਗਈ। ਇਹ ਅਖ਼ਬਾਰ ਸਿੰਘ ਸਭਾ ਲਹਿਰ ਦਾ ਮੁੱਖ ਪ੍ਰਚਾਰ ਮਾਧਿਅਮ ਬਣਿਆ। ਇਸ ਰਾਹੀਂ ਸਿੱਖ ਧਰਮ ਦੇ ਸਿਧਾਂਤਾਂ ਅਤੇ ਇਤਿਹਾਸ ਦਾ ਪ੍ਰਚਾਰ ਕੀਤਾ ਜਾਂਦਾ ਸੀ। ਅਖ਼ਬਾਰ ਨੇ ਸਿੱਖ ਸਮਾਜ ਵਿੱਚ ਸਿੱਖਿਆ ਅਤੇ ਜਾਗਰੂਕਤਾ ਫੈਲਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਵਿੱਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਵਿਸ਼ਿਆਂ ਉੱਤੇ ਲੇਖ ਪ੍ਰਕਾਸ਼ਿਤ ਹੁੰਦੇ ਰਹੇ ਹਨ।

'ਖ਼ਾਲਸਾ ਅਖ਼ਬਾਰ' ਨੇ ਇਸਾਈ ਮਿਸ਼ਨਰੀਆਂ ਅਤੇ ਆਰਿਆ ਸਮਾਜ ਦੇ ਪ੍ਰਚਾਰ ਦਾ ਤਰਕਪੂਰਨ ਜਵਾਬ ਦਿੱਤਾ। ਇਸ ਅਖ਼ਬਾਰ ਨੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਇਆ। ਅਖਬਾਰ ਸਿੱਖ ਕੌਮ ਦੀ ਆਵਾਜ਼ ਵਜੋਂ ਉੱਨੀਵੀਂ ਅਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਚਲਦਾ ਰਿਹਾ। ਸਿੱਖ ਪੱਤਰਕਾਰਤਾ ਦੇ ਇਤਿਹਾਸ ਵਿੱਚ ਖ਼ਾਲਸਾ ਅਖ਼ਬਾਰ ਦਾ ਸਥਾਨ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਮੈਗਜ਼ੀਨ ਰੂਪ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਅਸੀਂ ਪਾਠਕਾਂ ਲਈ ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਸ਼ਾਮਲ ਕਰ ਕੇ ਖੁਸ਼ੀ ਮਹਿਸੂਸ ਕਰਦੇ ਹੋਏ ਪਾਠਕਾਂ ਅਤੇ ਸਹਿਯੋਗੀ ਸੱਜਣਾਂ ਦੇ ਭਰਵੇਂ ਹੁੰਗਾਰੇ ਅਤੇ ਉਨ੍ਹਾਂ ਦੀਆਂ ਅਸੀਸਾਂ ਦੀ ਆਸ ਕਰਦੇ ਹਾਂ।

(ਅਦਾਰਾ ਖ਼ਾਲਸਾ ਅਖ਼ਬਾਰ)

# ਸਾਵਣ ਮਹੀਨੇ ਦੇ ਪ੍ਰਸੰਗ ਵਿਚ ਵਿਚਾਰ

-ਗਿਆਨੀ ਗੁਰਜੀਤ ਸਿੰਘ ਪਟਿਆਲਾ
ਮੁੱਖ ਸੰਪਾਦਕ

ਸਾਵਣ ਵਰਖਾ ਰੁਤ ਦਾ ਮਹੀਨਾ, ਅਸਮਾਨ ਦੇ ਵਿੱਚ ਛਾਏ ਕਾਲੇ ਬੱਦਲਾਂ ਨੂੰ ਵੇਖ ਕੇ ਮੋਰ ਬਬੀਹੇ ਪ੍ਰਸੰਨਤਾ ਦੇ ਵਿੱਚ ਬੋਲਦੇ ਪੈਲਾਂ ਪਾਉਂਦੇ ਨੇ,ਮੀਂਹ ਦੀਆਂ ਕਣੀਆਂ ਧਰਤੀ ਦੀ ਤਪਸ਼ ਨੂੰ ਦੂਰ ਕਰਦੀਆਂ ਨੇ, ਤਲਾਬਾਂ ਨੂੰ ਲਬਾਲਬ ਭਰਦੀਆਂ ਨੇ, ਸੁੱਕੇ ਹੋਏ ਘਾਹ ਨੂੰ ਹਰਿਆ ਭਰਿਆ, ਮਨੁੱਖ ਤੇ ਜਾਨਵਰਾਂ ਦੀ ਪਿਆਸ ਮਿਟਾਉਂਦੀਆਂ ਨੇ ਤੇ ਸ਼ੀਤਲਤਾ ਵੀ ਦਿੰਦੀਆਂ, ਨਾਗਾਂ, ਮਿਰਗਾਂ ਤੇ ਮੱਛੀਆਂ, ਤੇ ਖਾਣ ਦਾ ਰਸ ਮਾਨਣ ਵਾਲਿਆਂ ਨੂੰ ਬੜੀ ਪ੍ਰਸੰਨਤਾ ਹੁੰਦੀ ਹੈ। ਬੱਦਲਾਂ ਦੀ ਚਮਕਦੀ ਹੋਈ ਬਿਜਲੀ ਪਤੀ ਤੋਂ ਵਿਛੜੀ ਹੋਈ ਇਸਤਰੀ ਦੇ ਅੰਦਰ ਡਰ ਪੈਦਾ ਕਰਦੀ ਹੈ, ਜਾਹਰ ਪੀਰ ਜਗਤ ਗੁਰ ਬਾਬਾ ਬੇਰਸ ਹੋ ਚੁੱਕੇ ਮਨ ਨੂੰ ਚਾਰੇ ਪਾਸੇ ਖੁਸ਼ੀ ਰਸ ਵਾਲਾ ਮਾਹੌਲ ਦੇਖ ਕੇ ਰਸ ਭਰਿਆ ਹੋਣ ਦੀ ਪ੍ਰੇਰਨਾ ਕਰਦੇ ਨੇ ।

ਮਨੁੱਖੀ ਜੀਵਨ ਬਚਪਨ ਜਵਾਨੀ ਤੇ ਬਿਰਧ ਤਿੰਨ ਅਵਸਥਾ ਦੇ ਵਿੱਚੋਂ ਦੀ ਲੰਘਦਾ, ਸਹਿਜ ਸੁਭਾਅ ਹੀ ਬਚਪਨ ਦੇ ਵਿੱਚ ਲੀਲਾ ਰਸ, ਜਵਾਨੀ ਦੇ ਵਿੱਚ ਹੰਕਾਰ ਭਟਕਣਾ, ਤੇ ਬੁਢੇਪੇ ਦੇ ਵਿੱਚ ਪਛਤਾਵਾ ਨਿਰਾਸ਼ਤਾ ਮਨੁੱਖੀ ਮਨ ਦੇ ਵਿੱਚ ਪੈਦਾ ਹੁੰਦੀ ਹੈ, ਮਨੁੱਖ ਵਾਰ ਵਾਰ ਆਪਣੇ ਬਚਪਨ ਦੇ ਆਨੰਦ ਨੂੰ ਯਾਦ ਕਰਦਾ, ਉਹ ਆਪਣਾ ਧਨ ਜਵਾਨੀ ਦੇ ਕੇ ਵੀ ਬਚਪਨ ਦੇ ਵਿੱਚ ਸਾਵਣ ਦੇ ਮਹੀਨੇ ਬਾਰਿਸ਼ ਤੇ ਪਾਣੀ ਦੇ ਵਿੱਚ ਛੱਡੀਆਂ ਹੋਈਆਂ ਕਾਗਜ਼ ਦੀਆਂ ਕਿਸ਼ਤੀਆਂ ਵਾਲਾ ਆਨੰਦ ਦੁਬਾਰਾ ਪ੍ਰਾਪਤ ਕਰਨਾ ਚਾਹੁੰਦਾ, ਜੋ ਕਿਸੇ ਵੀ ਹਾਲਤ ਦੇ ਵਿੱਚ ਸੰਭਵ ਨਹੀਂ, ਬਚਪਨ ਅਚੇਤਪੁਣੇ ਦੇ ਕਰਕੇ ਰਸ ਵਾਲਾ ਹੁੰਦਾ ਹੈ।

ਮਨੁੱਖੀ ਮਨ ਦੀ ਤੀਬਰ ਤਾਂਘ ਸਦੀਵੀ ਰਸ ਹੈ, ਇਸ ਦੀ ਪੂਰਤੀ ਕਈ ਤਰ੍ਹਾਂ ਦੇ ਉਪਰਾਲੇ ਨਾਲ ਕਰਨ ਦਾ ਯਤਨ ਕਰਦਾ, ਜੀਭ ਦੇ ਨਾਲ ਖਾਣ ਅਤੇ ਭੋਗ ਬਿਲਾਸ ਦਾ ਰਸ ਮਾਣਦਾ, ਅੱਖਾਂ ਦੇ ਨਾਲ ਰੰਗ ਤਮਾਸ਼ਿਆਂ ਨੂੰ ਦੇਖਦਾ, ਕੰਨਾਂ ਦੇ ਨਾਲ ਉਸਤਤ ਤੇ ਨਿੰਦਿਆ ਨੂੰ ਸੁਣਦਾ, ਨੱਕ ਦੇ ਨਾਲ ਬੜੀਆਂ ਸੁਗੰਧੀਆਂ ਨੂੰ ਮਾਣਦਾ, ਪਰ ਗਿਆਨ ਤੇ ਕਰਮ ਇੰਦਰੀਆਂ ਦੀ ਵਰਤੋਂ ਕਰਨ ਦੇ ਬਾਵਜੂਦ ਮਨੁੱਖ ਮਨ ਨੂੰ ਤ੍ਰਿਪਤੀ ਪ੍ਰਾਪਤ ਨਹੀਂ ਹੁੰਦੀ, ਰਸ ਦੀ ਇੱਛਾ ਦੇ ਕਰਕੇ ਮਨੁੱਖ ਨਸ਼ਿਆਂ ਦੀ ਵਰਤੋਂ ਕਰਦੇ ਹਨ। ਇਕੱਲੇ ਪੰਜਾਬ ਦੇ ਲੋਕ, ਇੱਕ ਦਿਨ ਦੇ ਵਿੱਚ ੨੯ ਕਰੋੜ ਦੀ ਸ਼ਰਾਬ ਪੀ ਜਾਂਦੇ ਹਨ, ਉਥੇ ਕੋਕੀਨ ਚਿੱਟੇ ਦੇ ਕਰਕੇ ਕਈ ਜਵਾਨ ਮੌਤਾਂ ਦੀਆਂ ਖਬਰਾਂ ਅਕਸਰ ਹੀ ਸੁਣਨ ਨੂੰ ਮਿਲਦੀਆਂ ਹਨ, ਭਾਵੇਂ ਸਰਕਾਰਾਂ ਨੇ ਨਸ਼ਾ ਤਸਕਰਾਂ ਨੂੰ ਸਖਤ ਸਜ਼ਾਵਾਂ ਦੇਣ ਦਾ ਵੀ ਪ੍ਰਬੰਧ ਕਰਦੀਆਂ ਨੇ, ਪਰ ਫਿਰ ਵੀ ਮਨੁੱਖਾਂ ਦੇ ਅੰਦਰ ਨਸ਼ਿਆਂ ਦਾ ਰੁਝਾਨ ਬਹੁਤ ਵੱਧ ਰਿਹਾ ਹੈ, ਪੰਜਾਬ ਦੇ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ:

ਧਾਰਮਿਕ ਜਗਤ ਦੇ ਵਿੱਚ ਵੀ ਮਨੁੱਖ ਨਸ਼ਿਆਂ ਦੀ ਵਰਤੋਂ ਕਰਦੇ ਰਹੇ ਨੇ, ਸਮੁੰਦਰ ਮੰਥਨ ਦੇ ਸਮੇਂ ਨਿਕਲਣ ਵਾਲੇ ੧੪ ਰਤਨਾਂ ਦੇ ਵਿੱਚੋ ਇੱਕ ਰਤਨ ਮਦ (ਸ਼ਰਾਬ) ਹੈ, ਬਾਬਰ ਪਹਿਲੇ ਪਾਤਸ਼ਾਹ ਦੇ ਅੱਗੋਂ ਭੰਗ, ਭਰਥਰਿ ਜੋਗੀ ਸਤਿਗੁਰਾਂ ਦੇ ਅੱਗੋਂ ਸ਼ਰਾਬ ਦਾ ਪਿਆਲਾ ਰੱਖਦਾ, ਸਤਿਗੁਰੂ ਨਾਨਕ ਬਾਹਰੀ ਨਸ਼ਿਆਂ ਦੇ ਰਸ ਨੂੰ ਇਹ ਕਹਿ ਕਰਕੇ ਖੰਡਨ ਕਰ ਦਿੰਦੇ ਹਨ ਕਿ ਇਹਨਾਂ ਦਾ ਨਸ਼ਾ ਤੇ ਪ੍ਰਭਾਤ ਦੇ ਹੋਣ ਨਾਲ ਹੀ ਉਤਰ ਜਾਂਦਾ, ਸਗੋਂ ਨਸ਼ਾ ਕਰਨ ਵਾਲਿਆਂ ਨੂੰ ਸਮਝਾਉਂਦੇ ਹਨ ਕਿ ਨਸ਼ਾ ਨਾਮ ਦਾ ਕਰੋ ਜਿਹੜਾ ਦਿਨ ਰਾਤ ਚੜਿਆ ਰਹੇ।

ਭਰਥਰਿ ਦੇ ਪਰਥਾਏ ਸਾਰੇ ਜਹਾਨ ਦੇ ਵਾਸਤੇ ਸਾਂਝਾ ਉਪਦੇਸ਼ ਉਚਾਰਨ ਕਰਦਿਆਂ ਸਤਿਗੁਰੂ ਨਾਨਕ ਸਾਹਿਬ ਜੀ ਸਮਝਾਉਂਦੇ ਹਨ।

ਕਿ ਹਿਰਦੇ ਰੂਪੀ ਭਾਂਡੇ ਦੇ ਵਿੱਚ ਗੁਰੂ ਦੇ ਉਪਦੇਸ਼ ਦਾ ਗੁੜ ਹੋਵੇ, ਧਿਆਨ ਦਾ ਪਾਣੀ ਰਲਾਇਆ ਜਾਵੇ, ਕਰਨੀ ਦੇ ਸਕ ਪਾ ਕੇ ਭਾਵ ਗੁਰੂ ਦੇ ਉਪਦੇਸ਼ ਨੂੰ ਜੀਵਨ ਦੇ ਵਿੱਚ ਅਮਲੀ ਜਾਮਾ ਪਹਿਨਾਇਆ ਜਾਵੇ, ਸਾਰੇ ਕਿਤੇ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣਨ ਦੀ ਭੱਠੀ ਹੋਵੇ, ਪ੍ਰੇਮ ਦਾ ਪੋਚਾ ਮਾਰਨ ਦੇ ਨਾਲ, ਉਹ ਰਸ ਪ੍ਰਗਟ ਹੁੰਦਾ ਹੈ, ਜੋ ਮਨ ਨੂੰ ਸਦੀਵੀ ਮਸਤੀ ਪ੍ਰਦਾਨ ਕਰਦਾ ਹੈ, ਜੋ ਫਿਰ ਦੁਬਾਰਾ ਜੀਵਨ ਦੇ ਵਿੱਚ ਉਤਰਦੀ ਨਹੀਂ,ਦਿਨ ਰਾਤ ਦੀ ਲਿਵ ਲੱਗੀ ਰਹਿੰਦੀ ਹੈ ਤੇ ਅਨਹਦ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ, ਸਹਿਜ ਦੇ ਵਿੱਚ ਟਿਕ ਕੇ ਐਸੇ ਰਸ ਨੂੰ ਚੱਖਣ ਵਾਲਾ ਮਨੁੱਖ ਪੂਰੇ ਸੱਚ ਨੂੰ ਜਾਣ ਲੈਂਦਾ ਹੈ, ਅੰਮ੍ਰਿਤ ਦੇ ਵਾਪਾਰੀ ਬਣ ਕੇ ਛੋਛੇ ਨਸ਼ਿਆਂ ਦਾ ਭਾਉ ਧਾਰਨ ਨਹੀਂ ਕਰਦੇ, ਐਸੇ ਰਸ ਨੂੰ ਚੱਖਣ ਵਾਲਾ ਮਨੁੱਖ ਪਰਮਾਤਮਾ ਦੇ ਦਰ ਦਰਸ਼ਨ ਕਾ ਪ੍ਰੀਤਮ ਹੁੰਦਾ, ਆਵਾ ਗਵਣ ਤੋਂ ਮੁਕਤੀ ਤੇ ਬੈਕੁੰਠ ਵੀ ਉਹਨੂੰ ਕਿਸੇ ਕੰਮ ਦੇ ਨਹੀਂ ਲੱਗਦੇ, ਐਸਾ ਮਨੁੱਖ ਆਪਣਾ ਜਨਮ ਜੁਆਰੀ ਦੀ ਤਰ੍ਹਾਂ ਨਹੀਂ ਹਾਰਦਾ,ਸਗੋਂ ਸਾਰੇ ਜਗਤ ਦਾ ਜੇਤੂ ਬਣ ਜਾਂਦਾ ਹੈ।

ਸਤਿਗੁਰ ਸਾਡੇ ਸਾਰਿਆਂ ਦੇ ਉੱਪਰ ਕਿਰਪਾ ਕਰਨ, ਅਸੀਂ ਆਪ ਆਪਣੇ ਜੀਵਨ ਦੇ ਵਿੱਚ ਸਦੀਵੀ ਰਸ ਦੀ ਪ੍ਰਾਪਤੀ ਕਰ ਸਕੀਏ, ਤੇ ਹੋਰਨਾਂ ਦੇ ਤਾਈ ਇਸ ਰਸ ਦੀ ਪ੍ਰੇਰਨਾ ਦੇ ਸਕੀਏ ਤਾਂ ਜੋ ਮਨੁੱਖਾਂ ਦਾ ਜੀਵਨ ਸਤਿਗੁਰ ਦੇ ਉਪਦੇਸ਼ ਸਾਵਣ ਸਰਸ ਮਨਾ ਵਾਲਾ ਹੋ ਸਕੇ।

ਮੀਰੀ ਪੀਰੀ ਦਿਵਸ 24 ਜੁਲਾਈ

# ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ

-ਪ੍ਰਕਾਸ਼ ਕੌਰ

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ॥
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ। (ਵਾਰ ੧:੪੮)

ਸਿੱਖ ਧਰਮ ਦੇ ਮਹਾਨ ਵਿਦਵਾਨ ਤੇ ਦਾਰਸ਼ਨਿਕ ਭਾਈ ਗੁਰਦਾਸ ਜੀ ਦੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਉੱਪਰ ਸੁਸ਼ੋਭਿਤ ਹੋਣ ਉਪਰੰਤ ਉਚਾਰੇ ਗਏ ਉਪਰੋਕਤ ਸ਼ਬਦਾਂ ਰਾਹੀਂ ਗੁਰੂ ਸਾਹਿਬ ਦੀਆਂ ਕੁਝ ਵਿਸ਼ੇਸ਼ ਵਡਿਆਈਆਂ ਦੀ ਝਲਕ ਪ੍ਰਤੱਖ ਦਿਖਾਈ ਦੇਂਦੀ ਹੈ।

"ਪੰਜਿ ਪਿਆਲੇ" ਤੋਂ ਭਾਵ ਹੈ ਸ਼ੁਭ ਗੁਣ-ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

ਪੰਜਿ ਪੀਰ ਦੇ ਅਰਥ ਹਨ—ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਸਾਹਿਬ ਤਕ ਪੰਜ ਪਾਤਸ਼ਾਹੀਆਂ। "ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ" ਤੋਂ ਭਾਵ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇੱਕੋ ਜੋਤ ਦੇ ਦੋ ਸਰੂਪ ਸਨ, ਸਰੀਰਾਂ ਵਿਚ ਹੀ ਭੇਦ ਸੀ, ਜੋਤ ਇੱਕੋ ਹੀ ਸੀ। ਜੋਤ ਭਾਵ ਆਤਮਾ ਤਾਂ ਸਦਾ ਸਜੀਵ ਰਹਿੰਦੀ ਹੈ। ਬਿਨਸਦਾ ਤਾਂ ਸਰੀਰ ਹੈ। "ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ" ਇਹ ਪੰਕਤੀਆਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਸਿਫਤਾਂ ਤੇ ਵਿਸ਼ੇਸ਼ਤਾਵਾਂ ਦੀਆਂ ਪ੍ਰਤੀਕ ਹਨ।

ਇਸ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਦਸ ਜਾਮਿਆਂ ਵਿਚ ਸੰਸਾਰ ਦਾ ਉੱਧਾਰ ਕਰਨ ਹਿੱਤ ਸਮੇਂ-ਸਮੇਂ ਪ੍ਰਕਾਸ਼ ਹੋਏ, ਪਰ ਉਨ੍ਹਾਂ ਵਿਚ ਜੋਤ ਇੱਕੋ ਹੀ ਸੀ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਨੇ ਭਾਈ ਲਹਿਣਾ ਜੀ ਵਿਚ ਪ੍ਰਵੇਸ਼ ਕਰ ਕੇ, ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ, ਉਸੇ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਪ੍ਰਵੇਸ਼ ਹੁੰਦੀ ਹੋਈ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਅਖੀਰ ਵਿਚ ਦਸਵੇਂ ਜਾਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਆ ਬਿਰਾਜੀ ਤੇ "ਗੁਰੂ ਨਾਨਕ-ਗੋਬਿੰਦ ਰੂਪ" ਅਖਵਾਈ। ਪ੍ਰਸਿੱਧ ਇਤਿਹਾਸਕਾਰ ਡਾ. ਗੋਕਲ ਚੰਦ ਨਾਰੰਗ ਲਿਖਦਾ ਹੈ ਕਿ ਜਿਸ ਖਾਲਸੇ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ, ਉਸ ਦੀ ਮਿੱਟੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੋਈ ਸੀ। ਜਿਸ ਫੌਲਾਦ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦਾ ਪਹਿਰਾਵਾ ਬਣਾਇਆ, ਉਸ ਦਾ ਲੋਹਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ। ਜੋ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਧ-ਸੰਗਤ ਵਿਚ ਵਰਤਾਇਆ, ਉਸੇ ਸ਼ਬਦ ਤੇ ਸ਼ਬਦ ਦਾ ਜਾਪ ਕਰਨ ਵਾਲੀ ਸੰਗਤ ਦੀ ਰੱਖਿਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਉਨ੍ਹਾਂ ਆਦਰਸ਼ਾਂ ਦਾ ਹੀ ਪ੍ਰਚਾਰ ਕੀਤਾ ਜੋ ਉਨ੍ਹਾਂ ਤੋਂ ਪਹਿਲੇ ਹੋਏ ਪੰਜ ਗੁਰੂ ਸਾਹਿਬਾਨ ਨੇ ਕੀਤਾ ਸੀ। ਛੇਵੇਂ ਪਾਤਸ਼ਾਹ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ, ਆਪਣੇ ਲਈ ਕੋਈ ਇਲਾਕੇ ਨਹੀਂ ਹਥਿਆਏ, ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਬਣਾਈ, ਬਲਕਿ ਲੋਕਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਦੀ ਜਾਚ ਸਿਖਾਈ ਅਤੇ ਉਨ੍ਹਾਂ ਅੰਦਰ ਸਵੈਮਾਣ ਦੀ ਭਾਵਨਾ ਜਗਾਈ। ਲੜਾਈਆਂ ਵੀ ਉਨ੍ਹਾਂ ਆਪ ਨਹੀਂ ਲੜੀਆਂ, ਸਗੋਂ ਉਨ੍ਹਾਂ ਦੇ ਗ਼ਲੇ ਆ ਪਈਆਂ ਤੇ ਉਨ੍ਹਾਂ ਸੂਰਬੀਰ ਯੋਧਿਆਂ ਵਾਂਗ ਡਟ ਕੇ ਮੁਕਾਬਲਾ ਕੀਤਾ ਤੇ ਚਾਰੇ ਜੰਗਾਂ ਜਿੱਤ ਕੇ ਸੰਸਾਰ ਨੂੰ ਦੱਸ ਦਿੱਤਾ ਕਿ ਜਾਤੀ ਤੇ ਕੌਮੀ ਅਣਖ ਲਈ ਜੇ ਔਕੜਾਂ ਤੇ ਮੁਸ਼ਕਿਲਾਂ ਨਾਲ ਜੂਝਣਾ ਪਵੇ,

ਤਾਂ ਡਟ ਕੇ ਟਾਕਰਾ ਕਰਨਾ ਹੀ ਉੱਚਿਤ ਹੈ, ਆਪ ਦੀ ਕਿਰਪਾਨ ਕੇਵਲ ਸ਼ਕਤੀ ਦਾ ਹੀ ਚਿੰਨ ਨਹੀਂ ਸੀ, ਭਗਤੀ ਦਾ ਪ੍ਰਤੀਕ ਵੀ ਸੀ। ਇਸ ਨਾਲ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਖਾਏ ਰਸਤੇ ਨੂੰ ਹੀ ਮੂਰਤੀਮਾਨ ਕੀਤਾ।

ਧਰਮ ਦੀ ਰੱਖਿਆ ਲਈ ਜੋ ਬੀਜ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੀਜਿਆ ਸੀ, ਉਹ ਹੁਣ ਵੱਧ ਫੁਲ ਕੇ ਰੁੱਖ਼ ਬਣ ਚੁੱਕਾ ਸੀ। ਜੋ ਦੀਨਾਂ, ਕਮਜ਼ੋਰਾਂ, ਲਿਤਾੜੇ ਹੋਇਆਂ ਨੂੰ ਆਪਣੀ ਛਾਂ ਥੱਲੇ ਪਨਾਹ ਦੇਣ ਯੋਗ ਹੋ ਗਿਆ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਨੂੰ 'ਜਾਬਰ' ਕਹਿਣ ਦੀ ਦਲੇਰੀ ਕੀਤੀ ਸੀ। ਉਸ ਦੀ ਫੌਜ ਨੂੰ "ਪਾਪ ਕੀ ਜੰਞ" ਕਹਿਣ ਦਾ ਸਾਹਸ ਕੀਤਾ ਸੀ। ਉਸ ਨੂੰ ਜਰਵਾਣਾ ਕਹਿਣ ਦੀ ਜ਼ੁਰਅੱਤ ਕੀਤੀ ਸੀ, ਹਿੰਦੁਸਤਾਨ 'ਤੇ ਹਮਲਾ ਕਰਨ ਵਾਲਾ ਜਮ ਕਿਹਾ ਸੀ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੇਸ਼-ਵਾਸੀਆਂ ਅੰਦਰ ਜ਼ੁਲਮ ਵਿਰੁੱਧ ਖੜ੍ਹੇ ਹੋਣ ਦਾ ਸਾਹਸ ਪੈਦਾ ਕੀਤਾ, ਉਨ੍ਹਾਂ ਨੂੰ ਸਵੈਮਾਣ ਲਈ ਜੂਝਣ ਦਾ ਢੰਗ ਸਿਖਾਇਆ ਤੇ ਬਦੋ-ਬਦੀ ਗ਼ਲ ਪਈਆਂ ਜੰਗਾਂ ਨੂੰ ਲੜਿਆ ਤੇ ਜਿੱਤ ਪ੍ਰਾਪਤ ਕੀਤੀ ਤਾਂ ਗੁਰੂ ਸਾਹਿਬ ਨੇ ਉਹੋ ਹੀ ਕਾਰਜ ਕੀਤਾ ਜੋ ਪਹਿਲੇ ਪਾਤਸ਼ਾਹ ਨੇ ਧਰਮ ਰਾਹੀਂ ਪ੍ਰਚਾਰਿਆ ਸੀ। ਉਨ੍ਹਾਂ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਕੇ ਦੇਸ਼-ਵਾਸੀਆਂ ਅੰਦਰ ਸਾਹਸ ਪੈਦਾ ਕੀਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਪਾਵਨ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 'ਅਕਾਲ ਬੁੰਗਾ' ਦੀ ਸਿਰਜਣਾ ਕੀਤੀ, ਜੋ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਪਵਿੱਤਰ ਨਾਮ ਨਾਲ ਸਮੂਹ ਸੰਸਾਰ ਵਿਖੇ ਚਾਨਣ-ਮੁਨਾਰਾ ਬਣ ਰੋਸ਼ਨੀ ਪ੍ਰਦਾਨ ਕਰ ਰਿਹਾ ਹੈ। ਇਸ ਪਾਵਨ ਅਸਥਾਨ ਦੀ ਸਥਾਪਨਾ ਦਾ ਕਾਰਨ ਸੰਸਾਰਿਕ ਅਤੇ ਰਾਜਨੀਤਿਕ ਮਸਲਿਆਂ 'ਤੇ ਵੀਚਾਰ ਉਪਰੰਤ ਫੈਸਲਾ ਲੈਣਾ ਸੀ। ਇਸੇ ਪਵਿੱਤਰ ਸਥਾਨ 'ਤੇ ਬੀਰ-ਰਸੀ ਵਾਰਾਂ ਰਾਹੀਂ ਯੋਧੇ ਅਤੇ ਸੂਰਮੇ ਤਿਆਰ ਹੋਣ ਲੱਗ ਪਏ। ਦੂਰ-ਦੁਰਾਡੇ ਤੋਂ ਸਿੱਖ ਸ਼ਸਤਰਾਂ ਅਤੇ ਘੋੜਿਆਂ ਸਮੇਤ ਭੇਟਾ ਲੈ ਕੇ ਪੁੱਜਣ ਲੱਗੇ ਅਤੇ ਗੁਰੂ ਸਾਹਿਬ ਦੀ ਫੌਜ ਵਿਚ ਚਾਅ ਨਾਲ ਭਰਤੀ ਹੋਣ ਲੱਗ ਪਏ। ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਰੱਖਿਆ ਦੇ ਪੱਖ ਤੋਂ ਆਪ ਜੀ ਨੇ ਛੇਤੀ ਹੀ ਇਕ ਕਿਲ੍ਹਾ (ਲੋਹਗੜ੍ਹ) ਵੀ ਬਣਾਇਆ। ਫੌਜਾਂ ਦੀ ਤਿਆਰੀ ਦੇ ਮਨੋਰਥ ਕੇਵਲ ਜ਼ਬਰ ਤੇ ਜ਼ੁਲਮ ਵਿਰੁੱਧ ਗਰੀਬ ਅਤੇ ਧਰਮ ਦੀ ਰੱਖਿਆ ਲਈ ਤੇ ਨਿਤਾਣੀ ਅਤੇ ਨਿਆਸਰੀ ਹੋਈ ਭਾਰਤੀ ਜਨਤਾ 'ਚ ਸਵੈਮਾਣ ਅਤੇ ਅਣਖ ਦੀ ਰੂਹ ਫੂਕਣ ਲਈ ਸਨ। ਡਾ. ਗੋਕਲ ਚੰਦ ਨਾਰੰਗ ਅਨੁਸਾਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਨੋਰਥ ਸ਼ਾਹੀ ਫੌਜਾਂ 'ਤੇ ਜਿੱਤ ਪ੍ਰਾਪਤ ਕਰਨ ਦਾ ਨਹੀਂ ਸੀ, ਬਲਕਿ ਮਹੱਤਵਪੂਰਨ ਗੱਲ ਤਾਂ ਇਹ ਸੀ ਕਿ ਉਨ੍ਹਾਂ ਦਾ ਮਨੋਰਥ ਆਪਣੇ ਸਮੇਂ ਦੀ ਤਾਕਤਵਰ ਤੇ ਬਲਵਾਨ ਇਕ ਵੱਡੀ ਹਕੂਮਤ ਵਿਰੁੱਧ ਟੱਕਰ ਲੈ ਕੇ ਉਸ ਦਾ ਭਰਮ ਚੂਰ-ਚੂਰ ਕਰਨਾ ਸੀ।

ਭਾਈ ਗੁਰਦਾਸ ਜੀ ਦੇ ਕਹੇ ਅਨੁਸਾਰ ਗੁਰੂ ਸਾਹਿਬ ਬਹੁ-ਪਰਉਪਕਾਰੀ ਵੀ ਸਨ। ਸਬਰ, ਸੰਤੋਖ, ਸ਼ਹਿਣਸ਼ੀਲਤਾ, ਸੰਜਮ ਤੇ ਸਦਭਾਵਨਾ ਉਨ੍ਹਾਂ ਦੇ ਮੁੱਖ ਗੁਣ ਸਨ। ਆਪ ਹਰ ਜਾਤੀ, ਹਰ ਧਰਮ, ਹਰ ਵਿਅਕਤੀ ਨਾਲ ਪਿਆਰ ਕਰਦੇ ਸਨ। ਕਿਸੇ ਨਾਲ ਈਰਖਾ, ਦਵੈਸ਼, ਦੁਸ਼ਮਣੀ ਉਨ੍ਹਾਂ ਕਦੇ ਨਹੀਂ ਸੀ ਕੀਤੀ। ਉਹ ਜ਼ਾਹਰ ਤੇ ਬਾਤਨ ਇੱਕੋ ਜਿਹੇ ਸਨ। ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਉਨ੍ਹਾਂ ਨੇ ਸ੍ਰੀ ਹਰਿਗੋਬਿੰਦਪੁਰ ਨਗਰ ਵਿਖੇ ਮੁਸਲਮਾਨਾਂ ਲਈ ਉਚੇਚੀ ਮਸੀਤ ਬਣਵਾਈ। ਉਨ੍ਹਾਂ ਅੰਦਰ ਪਰਾਈ ਪੀੜ ਜਰਨ ਦਾ ਕਿਤਨਾ ਮਹਾਨ ਗੁਣ ਸੀ, ਇਸ ਦਾ ਪਤਾ ਗਵਾਲੀਅਰ ਦੇ ਕਿਲ੍ਹੇ ਵਿਚ ਬਿਦੋਸ਼ੇ ਕੈਦੀ ਰਾਜਿਆਂ ਦੀ ਸਹਾਇਤਾ ਕਰ ਕੇ, ਉਨ੍ਹਾਂ ਨੂੰ ਮੁਕਤ ਕਰਾਉਣ ਦੀ ਘਟਨਾ ਤੋਂ ਲੱਗਦਾ ਹੈ। ਏਸੇ ਕਰਕੇ ਆਪ ਨੂੰ ਬੰਦੀ-ਛੋੜ ਦਾਤਾ ਕਰਕੇ ਵੀ ਯਾਦ ਕੀਤਾ ਜਾਂਦਾ ਹੈ। ਆਪ ਹਮੇਸ਼ਾਂ ਫੁਰਮਾਇਆ ਕਰਦੇ ਸਨ, ਗਰੀਬ ਦਾ ਮੂੰਹ, ਗੁਰੂ ਦੀ ਗੋਲਕ, ਭਾਵ ਗਰੀਬ ਭੁੱਖੇ ਤੇ ਲੋੜਵੰਦਾਂ ਦੇ ਮੂੰਹ ਵਿਚ ਭੋਜਨ ਪਾਉਣਾ, ਗੁਰੂ ਨੂੰ ਭੇਟ ਚੜਾਉਣ ਦੇ ਤੁਲ ਹੈ। ਗੁਰੂ ਸਾਹਿਬ ਬਾਰੇ ਡਾ. ਇੰਦੂ ਭੂਸ਼ਨ ਬੈਨਰਜੀ ਆਖਦਾ ਹੈ ਕਿ ਇਹੀ ਕਾਰਨ ਹਨ ਕਿ ਗੁਰੂ ਸਾਹਿਬ ਨੂੰ ਸਾਰੇ ਦਿਲੋਂ ਚਾਹੁੰਦੇ ਸਨ ਤੇ ਪਿਆਰ ਕਰਦੇ ਸਨ ਤੇ ਹਰ ਦੁੱਖ, ਤਕਲੀਫ ਤੇ ਬਿਖੜੇ ਸਮੇਂ ਉਨ੍ਹਾਂ ਦਾ ਸਾਥ ਚਾਹੁੰਦੇ ਤੇ ਦੇਂਦੇ ਸਨ।

# ਗੁਰਗੱਦੀ ਅਤੇ ਅਨੋਖੇ ਐਲਾਨ

ਮੂਲ ਲੇਖਕ: ਮਿਸਟਰ ਐਮ ਏ ਮੈਕਾਲਿਫ
ਅਨੁ: ਡਾ. ਜੋਧ ਸਿੰਘ

ਆਪਣੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਨੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਪਾਠ ਆਰੰਭ ਕਰਵਾਇਆ ਅਤੇ ਇਸ ਉਦੇਸ਼ ਲਈ ਬਾਬਾ ਬੁੱਢਾ ਜੀ ਨੂੰ ਨਿਯੁਕਤ ਕੀਤਾ। ਹਰਿਮੰਦਰ ਸਾਹਿਬ ਦੇ ਰਾਗੀਆਂ ਨੇ ਆਪਣੇ ਸਾਜ਼ਾਂ ਨਾਲ ਗੁਰੂ ਸਾਹਿਬਾਨ ਦੇ ਸ਼ਬਦਾਂ ਦਾ ਗਾਇਨ ਕੀਤਾ। ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਪਾਠ ਅਤੇ ਗਾਇਨ ਦਸ ਦਿਨ ਤੱਕ ਚਲਦਾ ਰਿਹਾ। ਜਦੋਂ ਸਾਰੇ ਅੰਤਮ ਸੰਸਕਾਰ ਪੂਰੇ ਹੋ ਗਏ ਤਾਂ ਬਾਬਾ ਬੁੱਢਾ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਨਵੇਂ ਬਸਤਰ ਪਵਾਏ ਅਤੇ ਉਨ੍ਹਾਂ ਦੇ ਸਾਹਮਣੇ ਉੱਨ ਦੀ ਗੁੰਦੀ ਹੋਈ ਅਤੇ ਗਲ ਵਿੱਚ ਪਾਉਣ ਵਾਲੀ ਜਾਂ ਪਹਿਲੇ ਗੁਰੂ ਸਾਹਿਬਾਨ ਦੁਆਰਾ ਸਿਰ ਦੇ ਚਾਰ ਚੁਫ਼ੇਰੇ ਬੰਨ੍ਹੀ ਜਾਣ ਵਾਲੀ ਸੇਲ੍ਹੀ ਅਤੇ ਦਿਬਤਾ ਦੀ ਸੂਚਕ ਇੱਕ ਪੱਗ ਰੱਖੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਗਿਆ ਕੀਤੀ ਕਿ ਸੇਲ੍ਹੀ ਨੂੰ ਖਜ਼ਾਨੇ ਵਿੱਚ ਰੱਖ ਦਿੱਤਾ ਜਾਵੇ ਕਿਉਂਕਿ ਸਿੱਖਾਂ ਦੇ ਬਦਲੇ ਹੋਏ ਰਾਜਨੀਤਿਕ ਹਾਲਾਤ ਲਈ ਇਹ ਹੁਣ ਸਾਰਥਕ ਨਹੀਂ ਸੀ। ਫਿਰ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਕਿਹਾ, "ਮੇਰੇ ਯਤਨ ਤੁਹਾਡੀ ਭਵਿੱਖ ਬਾਣੀ ਨੂੰ ਪੂਰਾ ਕਰਨਗੇ। ਕਿਰਪਾਨ ਦਾ ਗਾਤਰਾ ਮੇਰੀ ਸੇਲ੍ਹੀ ਹੋਵੇਗੀ ਅਤੇ ਮੈਂ ਆਪਣੀ ਪਗੜੀ ਸ਼ਾਹੀ ਕਲਗੀ ਨਾਲ ਧਾਰਨ ਕਰਾਂਗਾ।" ਉਨ੍ਹਾਂ ਨੇ ਆਪਣੇ ਸ਼ਸਤਰ ਮੰਗਵਾਏ ਅਤੇ ਸੂਰਬੀਰਤਾ ਵਾਲੇ ਢੰਗ ਨਾਲ ਉਨ੍ਹਾਂ ਨੂੰ ਧਾਰਨ ਕੀਤਾ ਅਤੇ ਜਿਵੇਂ ਕਿ ਇਕ ਸਿੱਖ ਇਤਿਹਾਸਕਾਰ ਲਿਖਦਾ ਹੈ ਕਿ ਉਨ੍ਹਾਂ ਦਾ ਠਾਠ-ਬਾਠ ਸੂਰਜ ਵਾਂਗ ਚਮਕ ਉੱਠਿਆ।

ਇਸ ਤੋਂ ਬਾਅਦ ਅਜਿਹੇ ਸਮੇਂ ਲਈ ਪਰੰਪਰਾ ਅਨੁਸਾਰ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸਾਰੇ ਸਿੱਖਾਂ ਨੂੰ ਬੁਲਾਇਆ ਅਤੇ ਅੰਮ੍ਰਿਤਸਰ ਦੇ ਪ੍ਰਮੁੱਖ ਨਿਵਾਸੀਆਂ ਨੂੰ ਇੱਕ ਭੋਜ ਲਈ ਸੱਦਾ ਦਿੱਤਾ। ਭਾਰੀ ਮਾਤਰਾ ਵਿੱਚ ਉਨ੍ਹਾਂ ਨੇ ਪ੍ਰਾਹੁਣਿਆਂ ਲਈ ਪਵਿੱਤਰ ਲੰਗਰ ਤਿਆਰ ਕਰਕੇ ਹਰਿਮੰਦਰ ਸਾਹਿਬ ਲੈ ਆਂਦਾ। ਸੰਗਤ ਦੇ ਭਾਰੀ ਇਕੱਠ ਦੇ ਵਿਚਕਾਰ ਬਾਬਾ ਬੁੱਢਾ ਜੀ ਨੇ ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਪਾਠ ਕੀਤਾ ਅਤੇ ਭਾਈ ਗੁਰਦਾਸ ਜੀ ਪਵਿੱਤਰ ਬੀੜ ਉੱਪਰ ਵਿਸ਼ਾਲ ਚੌਰ ਕਰ ਰਹੇ ਸਨ। ਜਦੋਂ ਪਾਠ ਸਮਾਪਤ ਹੋਇਆ ਤਾਂ ਸਾਰਿਆਂ ਨੇ ਸ਼ਰਧਾਪੂਰਵਕ ਮੱਥਾ ਟੇਕਿਆ ਅਤੇ ਰਾਗੀਆਂ ਨੇ ਮੁੜ ਗੁਰੂ-ਸ਼ਬਦਾਂ ਦਾ ਗਾਇਨ ਆਰੰਭ ਕਰ ਦਿੱਤਾ। 'ਸਦੁ' ਦਾ ਗਾਇਨ ਕੀਤਾ ਗਿਆ ਅਤੇ ਅਰਦਾਸ ਕੀਤੀ ਗਈ। ਗੁਰੂ ਜੀ ਨੇ ਫਿਰ ਆਦੇਸ਼ ਸੁਣਾਇਆ ਤਾਂ ਕਿ ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਅੰਤਮ ਸੰਸਕਾਰਾਂ ਪ੍ਰਤੀ ਮਾਰਗ-ਦਰਸ਼ਨ ਮਿਲ ਸਕੇ:

> 'ਜਦੋਂ ਕੋਈ ਸਿੱਖ ਅਕਾਲ-ਚਲਾਣਾ ਕਰਦਾ ਹੈ ਤਾਂ ਅੰਤਮ ਸੰਸਕਾਰਾਂ ਸਮੇਂ ਹਿੰਦੂ ਰਸਮਾਂ ਨਾ ਕੀਤੀਆਂ ਜਾਣ। ਪਵਿੱਤਰ ਲੰਗਰ ਤਿਆਰ ਕੀਤਾ ਜਾਵੇ ਅਤੇ ਵਰਤਾਇਆ ਜਾਵੇ, ਸ੍ਰੀ (ਗੁਰੂ) ਗ੍ਰੰਥ ਸਾਹਿਬ ਦਾ ਗਾਇਨ ਕੀਤਾ ਜਾਵੇ ਅਤੇ ਅਰਦਾਸ ਕੀਤੀ ਜਾਵੇ ਜਿਵੇਂ ਕਿ ਮੈਂ ਆਪਣੇ ਪਿਤਾ ਜੀ ਦੇ ਜੋਤੀ-ਜੋਤਿ ਸਮਾਉਣ ਸਮੇਂ ਕੀਤਾ ਹੈ। ਮਿਰਤਕ ਲਈ ਸਚਖੰਡ ਲਈ ਰਾਹ ਪੱਧਰਾ ਕਰਨ ਦਾ ਇਹ ਹੀ ਢੰਗ ਹੈ।'

ਉਨ੍ਹਾਂ ਦੇ ਗੁਰਗੁੱਦੀ ਸੰਭਾਲਣ 'ਤੇ ਪੈਰੋਕਾਰਾਂ ਦਾ ਇੱਕ ਹਿੱਸਾ ਸੰਤੁਸ਼ਟ ਨਹੀਂ ਸੀ। ਸਿੱਖਾਂ ਤੋਂ ਕਾਰ ਭੇਟ ਅਤੇ ਦਸਵੰਧ ਇਕੱਠਾ ਕਰਨ ਵਾਲੇ ਮਸੰਦ ਕਾਫ਼ੀ ਬੇਈਮਾਨ ਅਤੇ ਭ੍ਰਿਸ਼ਟ ਹੋ ਚੁਕੇ ਸਨ ਅਤੇ ਉਹੀ ਹੁਣ ਆਪਣੇ ਕੁਕਰਮਾਂ

ਕਾਰਨ ਕੰਬ ਰਹੇ ਸਨ। ਉਹ ਗੁਰੂ ਜੀ ਦੇ ਮਾਤਾ ਜੀ ਪਾਸ ਗਏ ਤੇ ਕਹਿਣ ਲੱਗੇ, "ਇਹ ਮੁਗਲਾਂ ਦਾ ਰਾਜ ਹੈ। ਸਾਡੇ ਕੋਲ ਮਾਰਗ-ਦਰਸ਼ਨ ਦੇਣ ਲਈ ਕੋਈ ਵੀ ਹੰਢਿਆ-ਵਰਤਿਆ ਵਿਅਕਤੀ ਨਹੀਂ ਹੈ ਅਤੇ ਗੁਰੂ ਜੀ ਅਜੇ ਬਾਲਕ ਅਵਸਥਾ ਵਿੱਚ ਹਨ। ਚੰਦੂ ਅਜੇ ਵੀ ਦੁਸ਼ਮਨ ਹੈ। ਗੁਰੂ ਜੀ ਨੇ ਸ਼ਸਤਰ ਧਾਰਨ ਕੀਤੇ ਹੋਏ ਹਨ ਪਰੰਤੂ ਫ਼ਕੀਰਾਂ ਵਲੋਂ ਵਿਅਕਤੀਆਂ 'ਤੇ ਹਕੂਮਤ ਕਰਨਾ ਖਤਰਾ ਸਹੇੜਨ ਵਾਲਾ ਰਾਹ ਹੈ।

ਪਿਛਲੇ ਪੰਜ ਗੁਰੂ ਸਾਹਿਬਾਨ ਨੇ ਕਦੀ ਸ਼ਸਤਰ ਨਹੀਂ ਵਰਤੇ। ਜਹਾਂਗੀਰ ਨੂੰ ਜੇਕਰ ਸਾਡੇ ਗੁਰੂ ਜੀ ਦੇ ਕੰਮਾਂ ਦਾ ਪਤਾ ਲੱਗਾ ਤਾਂ ਉਹ ਨਾਰਾਜ਼ ਹੋ ਜਾਵੇਗਾ, ਅਸੀਂ ਆਪਣੇ ਆਪ ਨੂੰ ਕਿੱਥੇ ਲੁਕਾਉਂਦੇ ਫਿਰਾਂਗੇ? ਗੁਰੂ-ਮਾਤਾ ਨੇ ਜੁਆਬ ਦਿੱਤਾ, 'ਚਿੰਤਾ ਨਾ ਕਰੋ। ਬਾਬਾ ਬੁੱਢਾ ਜੀ ਦੇ ਬਚਨ ਕਿ ਗੁਰੂ ਹਰਿਗੋਬਿੰਦ ਸੰਸਾਰਕ ਅਤੇ ਅਧਿਆਤਮਕ ਸ਼ਾਸਕ ਹੋਵੇਗਾ ਅਤੇ ਦੋ ਕਿਰਪਾਨਾਂ ਧਾਰਨ ਕਰੇਗਾ', ਪੂਰੇ ਹੋਣ ਵਾਲੇ ਹਨ। ਮਸੰਦਾਂ ਨੂੰ ਸਾਹਸਪੂਰਨ ਜਵਾਬ ਦੇਣ ਦੇ ਬਾਵਜੂਦ ਉਨ੍ਹਾਂ ਨੇ ਨੌਜੁਆਨ ਗੁਰੂ ਜੀ ਪਾਸ ਰੋਸ ਪ੍ਰਗਟ ਕੀਤਾ, "ਮੇਰੇ ਲਾਲ ਜੀ, ਸਾਡੇ ਕੋਲ ਕੋਈ ਖ਼ਜ਼ਾਨਾ, ਕੋਈ ਰਾਜਸੀ ਆਮਦਨ, ਕੋਈ ਜ਼ਮੀਨੀ ਜਾਇਦਾਦ ਜਾਂ ਫ਼ੌਜ ਨਹੀਂ ਹੈ। ਜੇਕਰ ਤੁਸੀਂ ਆਪਣੇ ਪਿਤਾ ਅਤੇ ਦਾਦਾ ਜੀ ਦੇ ਰਸਤੇ 'ਤੇ ਚਲੋਗੇ ਤਾਂ ਖੁਸ਼ ਰਹੋਗੇ"। ਗੁਰੂ ਸਾਹਿਬ ਨੇ ਉੱਤਰ ਦਿੱਤਾ, "ਮੇਰੇ ਪ੍ਰਤੀ ਕੋਈ ਵੀ ਚਿੰਤਾ ਨ ਕਰੋ, ਸਭ ਕੁਝ ਪਰਮਾਤਮਾ ਦੇ ਭਾਣੇ ਵਿੱਚ ਹੀ ਹੋਵੇਗਾ।"

ਇਸ ਤੋਂ ਬਾਅਦ ਗੁਰੂ ਸਾਹਿਬ ਨੇ ਮਸੰਦਾਂ ਨੂੰ ਇੱਕ ਹੁਕਮਨਾਮਾ ਜਾਰੀ ਕੀਤਾ ਕਿ ਗੁਰੂ ਉਨ੍ਹਾਂ ਉਤੇ ਪ੍ਰਸੰਨ ਹੋਣਗੇ ਜਿਹੜੇ ਧਨ ਦੀ ਬਜਾਇ ਸ਼ਸਤਰਾਂ ਅਤੇ ਘੋੜਿਆਂ ਦੀ ਭੇਟਾ ਲਿਆਉਣਗੇ ਦਿਨ ਸੋਮਵਾਰ, ਹਾੜ ਸੁਦੀ ਪੰਜ ਸੰਮਤ ੧੬੬੩ ਨੂੰ ਉਨ੍ਹਾਂ ਨੇ ਤਖ਼ਤ ਅਕਾਲ ਬੁੰਗੇ ਦੀ ਨੀਂਹ ਰੱਖੀ। ਜਦੋਂ ਇਹ ਪੱਕੀਆਂ ਇੱਟਾਂ ਨਾਲ ਬਣ ਕੇ ਤਿਆਰ ਹੋ ਗਿਆ ਤਾਂ ਗੁਰੂ ਸਾਹਿਬ ਉਥੇ ਬਿਰਾਜਮਾਨ ਹੋ ਗਏ ਇਹ ਹਰਿਮੰਦਰ ਸਾਹਿਬ ਜਾਣਾ ਵਾਸਤੇ ਉਹ ਲਾਂਘਾ ਹੈ ਜਿੱਥੇ ਅਕਾਲੀ ਸਿੰਘ ਹੁਣ ਬੈਠਦੇ ਹਨ ਅਤੇ ਜਿੱਥੇ ਗੁਰੂ ਸਾਹਿਬਾਨ ਦੇ ਸ਼ਸਤਰ ਸੰਭਾਲੇ ਪਏ ਹਨ।

ਨੌਜੁਆਨ ਗੁਰੂ ਜੀ ਨੂੰ ਫ਼ੌਜੀ ਲਿਬਾਸ ਵਿੱਚ ਵੇਖ ਕੇ ਬਾਬਾ ਬੁੱਢਾ ਜੀ ਨੇ ਵੀ ਹਲਕਾ ਜਿਹਾ ਰੋਸ ਪ੍ਰਗਟ ਕੀਤਾ। ਗੁਰੂ ਸਾਹਿਬ ਨੇ ਉੱਤਰ ਦਿੱਤਾ, 'ਤੁਹਾਡੇ ਦਖਲ ਕਾਰਨ ਹੀ ਮੇਰਾ ਜਨਮ ਹੋਇਆ ਹੈ; ਅਤੇ ਤੁਹਾਡੇ ਅਸ਼ੀਰਵਾਦ ਨੂੰ ਪੂਰਿਆਂ ਕਰਨ ਲਈ ਹੀ ਮੈਂ ਮੀਰੀ ਅਤੇ ਪੀਰੀ ਅਧਿਕਾਰ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਹਨ। ਗੁਰੂ-ਘਰ ਵਿੱਚ ਧਰਮ ਅਤੇ ਸੰਸਾਰ ਦੇ ਸੁੱਖ ਮਿਲ ਕੇ ਚਲਣਗੇ; ਦੇਗ ਗਰੀਬਾਂ ਲਈ ਹੋਵੇਗੀ ਅਤੇ ਤੇਗ ਅਤਿਆਚਾਰੀਆਂ ਦਾ ਨਾਸ ਕਰਨ ਲਈ ਹੋਵੇਗੀ।'

ਗੁਰੂ ਸਾਹਿਬ ਦੀ ਪ੍ਰਸਿੱਧੀ ਸੁਣਕੇ ਅਨੇਕਾਂ ਸੂਰਬੀਰ ਅਤੇ ਪਹਿਲਵਾਨ ਉਨ੍ਹਾਂ ਦੀ ਸੇਵਾ ਵਿੱਚ ਆ ਹਾਜ਼ਰ ਹੋਏ। ਉਨ੍ਹਾਂ ਨੇ ਬਵੰਜਾ ਸੂਰਬੀਰਾਂ ਨੂੰ ਸੁਰੱਖਿਆ ਦਸਤੇ ਦੇ ਤੌਰ 'ਤੇ ਭਰਤੀ ਕਰ ਲਿਆ ਅਤੇ ਉਨ੍ਹਾਂ ਨੇ ਹੀ ਸੰਘਰਸ਼ਾਂ ਦੀ ਸ਼ੁਰੂਆਤ ਕੀਤੀ। ਇਹ ਭਵਿੱਖ ਦੀ ਫ਼ੌਜ ਦਾ ਆਧਾਰ ਬਣ ਗਏ। ਇਸ ਤੋਂ ਉਪਰੰਤ ਮਾਝੇ, ਦੁਆਬੇ ਅਤੇ ਮਾਲਵੇ ਵਿਚੋਂ ਪੰਜ ਸੌ ਜਵਾਨ ਹੋਰ ਭਰਤੀ ਹੋਣ ਲਈ ਆਏ। ਇਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਕੋਲ ਗੁਰੂ ਨੂੰ ਭੇਟ ਕਰਨ ਲਈ ਜੀਵਨ ਤੋਂ ਸਿਵਾ ਹੋਰ ਕੁਝ ਨਹੀਂ ਹੈ; ਕੇਵਲ ਗੁਰੂ ਦੇ ਧਰਮ ਵਿੱਚ ਸ਼ਾਮਲ ਹੋਣਾ ਹੀ ਉਨ੍ਹਾਂ ਲਈ ਤਨਖਾਹ ਸੀ। ਉਨ੍ਹਾਂ ਦ੍ਰਿੜਤਾ-ਪੂਰਬਕ ਕਿਹਾ ਕਿ ਉਹ ਗੁਰੂ ਦੀ ਸੇਵਾ ਵਿੱਚ ਹੀ ਪ੍ਰਾਣ ਦੇ ਦੇਣ ਲਈ ਤਿਆਰ ਹਨ। ਗੁਰੂ ਜੀ ਨੇ ਉਨ੍ਹਾਂ ਵਿਚੋਂ ਹਰ ਇੱਕ ਨੂੰ ਇਕ ਘੋੜਾ ਅਤੇ ਸ਼ਸਤਰ ਦਿੱਤੇ ਅਤੇ ਖੁਸ਼ੀ ਨਾਲ ਉਨ੍ਹਾਂ ਨੂੰ ਆਪਣੀ ਫ਼ੌਜ ਵਿੱਚ ਭਰਤੀ ਕਰ ਲਿਆ। ਬਿਧੀ ਚੰਦ, ਪਿਰਾਨਾ, ਜੇਠਾ, ਪੈੜਾ ਹਰ ਇੱਕ ਨੂੰ ਉਨ੍ਹਾਂ ਨੇ ਸੌ ਘੋੜ-ਸਵਾਰਾਂ ਦਾ ਨਾਇਕ ਬਣਾ ਦਿੱਤਾ।

ਇਸ ਤੋਂ ਬਾਅਦ ਕਈ ਬੇਰੁਜ਼ਗਾਰ ਵਿਅਕਤੀ ਗੁਰੂ ਦੇ ਝੰਡੇ ਥੱਲੇ ਆ ਇਕੱਠੇ ਹੋਏ। ਜਦੋਂ ਲੋਕਾਂ ਨੂੰ ਹੈਰਾਨੀ ਹੋ ਰਹੀ ਸੀ ਕਿ ਅਜਿਹੀ ਵੱਡੀ ਫ਼ੌਜ ਦੀ ਦੇਖਭਾਲ ਕਿਸ ਤਰ੍ਹਾਂ ਹੋਵੇਗੀ ਤਾਂ ਗੁਰੂ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ਪੰਗਤੀ ਦਾ ਉਚਾਰਨ ਕੀਤਾ :

"ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ ॥" (੧੦)

ਅਜਿਹੇ ਪਦਿਆਂ ਦਾ ਉਦਾਹਰਣ ਦਿੰਦੇ ਹੋਏ ਅਤੇ ਆਪਣੇ ਚਰਿੱਤਰ ਦੀ ਸ਼ਕਤੀ ਅਤੇ ਆਸ਼ਾਵਾਦਿਤਾ ਦੇ ਨਾਲ ਉਹ ਲੋਕਾਂ ਦੇ ਡਰ ਦੂਰ ਕਰਿਆ ਕਰਦੇ ਸਨ। ਥੋੜ੍ਹੇ ਸਮੇਂ ਵਿੱਚ ਨਿਯਮਿਤ ਰੂਪ ਵਿੱਚ ਤਨਖਾਹ ਲੈਣ ਵਾਲਿਆਂ ਤੋਂ ਇਲਾਵਾ ਲੋਕਾਂ ਦੇ ਝੁੰਡਾਂ ਦੇ ਝੁੰਡ ਉਨ੍ਹਾਂ ਦੇ ਚਾਰ-ਚੁਫੇਰੇ ਇਕੱਠੇ ਹੋ ਗਏ ਜਿਨ੍ਹਾਂ ਦੀ ਲੋੜ ਕੇਵਲ ਦੋ ਵੇਲੇ ਦਾ ਖਾਣਾ ਤੇ ਛੇ ਮਹੀਨਿਆਂ ਬਾਅਦ ਇੱਕ ਵਰਦੀ ਮਾਤਰ ਸੀ।

ਇੰਜ ਲਗਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਬਾਕਾਇਦਾ ਤੌਰ 'ਤੇ ਸ਼ਿਕਾਰ ਵੱਲ ਧਿਆਨ ਦਿੱਤਾ। ਉਹ ਦਿਨ ਚੜ੍ਹਨ ਤੋਂ ਪਹਿਲਾਂ ਉਠਦੇ, ਇਸ਼ਨਾਨ ਕਰਦੇ, ਸ਼ਸਤਰ-ਬਸਤਰ ਧਾਰਨ ਕਰਦੇ ਅਤੇ ਫਿਰ ਸ਼ਰਧਾ ਭੇਟ ਕਰਨ ਪਰਮਾਤਮਾ ਦੇ ਘਰ ਹਰਿਮੰਦਰ ਸਾਹਿਬ ਵਿਖੇ ਜਾਂਦੇ ਸਨ। ਉਥੇ ਉਹ ਜਪੁਜੀ ਤੇ ਆਸਾ ਦੀ ਵਾਰ ਸੁਣਦੇ ਸਨ ਅਤੇ ਫਿਰ ਸਿੱਖਾਂ ਨੂੰ ਉਪਦੇਸ਼ ਦਿੰਦੇ ਸਨ। ਉਨ੍ਹਾਂ ਦੇ ਉਪਦੇਸ਼ ਤੋਂ ਬਾਅਦ ਗੁਰੂ ਅਮਰਦਾਸ ਜੀ ਦਾ ਆਨੰਦ ਸਾਹਿਬ ਪੜ੍ਹਿਆ ਜਾਂਦਾ ਤੇ ਸਮਾਪਤੀ ਦੀ ਅਰਦਾਸ ਹੁੰਦੀ। ਇਸ ਤੋਂ ਉਪਰੰਤ ਸਾਰੇ ਸਵੇਰ ਦਾ ਖਾਣਾ ਖਾਂਦੇ ਜਿਹੜਾ ਕਿ ਪੰਗਤ ਵਿੱਚ ਬੈਠੇ ਹੋਏ ਫ਼ੌਜੀਆਂ ਅਤੇ ਹੋਰ ਪੈਰੋਕਾਰਾਂ ਨੂੰ ਬਿਨਾਂ ਕਿਸੇ ਭੇਦ-ਭਾਵ ਤੋਂ ਵਰਤਾਇਆ ਜਾਂਦਾ ਸੀ। ਬਾਅਦ ਵਿੱਚ ਗੁਰੂ ਜੀ ਲਗਭਗ ਇੱਕ ਘੰਟੇ ਤੱਕ ਬਿਸਰਾਮ ਕਰਦੇ ਹੁੰਦੇ ਸਨ ਅਤੇ ਫਿਰ ਸ਼ਿਕਾਰ ਦੀ ਤਿਆਰੀ ਕਰਦੇ ਹੁੰਦੇ ਸਨ। ਜੰਗਲ ਵਿੱਚ ਹੋਕਾ ਦੇਣ ਵਾਲੇ, ਕੁੱਤੇ, ਪਾਲਤੂ ਭੇੜੀਏ ਅਤੇ ਹਰ ਕਿਸਮ ਦੇ ਬਾਜ ਨਾਲ ਲੈ ਕੇ ਗੁਰੂ ਜੀ ਜਾਂਦੇ ਹੁੰਦੇ ਸਨ ਅਤੇ ਲੰਮਾ ਫਾਸਲਾ ਤੈਅ ਕਰਦੇ ਹੁੰਦੇ ਸਨ।

ਇੱਕ ਵਾਰ ਇੱਕ ਹਿੰਦੂ ਸਾਧੂ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਜਾਂਦੇ ਹੋਏ ਵੇਖ ਕੇ ਉਨ੍ਹਾਂ ਨੂੰ ਜੀਵਨ ਦਾ ਨਾਸ ਕਰਨ ਵਾਲੇ ਕਿਹਾ। ਇਸ 'ਤੇ ਗੁਰੂ ਜੀ ਨੇ ਮਾਸ ਸੰਬੰਧੀ ਗੁਰੂ ਨਾਨਕ ਸਾਹਿਬ ਦੇ ਪਦੇ ਦਾ ਉਚਾਰਣ ਕਰਕੇ ਇਸ ਬਾਬਤ ਉਸ ਸਾਧੂ ਨੂੰ ਦੱਸਿਆ। ਸੁਣ ਕੇ ਉਸ ਪਵਿੱਤਰ ਵਿਅਕਤੀ ਨੂੰ ਆਪਣੀ ਨਿੰਦਿਆ ਦਾ ਅਹਿਸਾਸ ਹੋਇਆ।

ਦੁਪਹਿਰ ਤੋਂ ਬਾਅਦ ਗੁਰੂ ਜੀ ਆਪਣੇ ਤਖਤ 'ਤੇ ਬਿਰਾਜਮਾਨ ਹੁੰਦੇ ਅਤੇ ਆਉਣ ਵਾਲੇ ਆਪਣੇ ਸ਼ਰਧਾਲੂਆਂ ਦੀ ਗੱਲਬਾਤ ਸੁਣਦੇ ਸਨ। ਰਾਗੀ ਗੁਰ-ਸ਼ਬਦਾਂ ਦਾ ਗਾਇਨ ਕਰਦੇ ਤੇ ਸੰਧਿਆ ਵੇਲੇ ਸੋਦਰੁ ਦਾ ਪਾਠ ਕੀਤਾ ਜਾਂਦਾ ਸੀ। ਫਿਰ ਸਾਰੇ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ ਤੇ ਪਰਮਾਤਮਾ ਅੱਗੇ ਅਰਦਾਸ ਕਰਦੇ। ਇਸ ਬਾਰੇ ਕਾਰਜ ਦੇ ਅੰਤ ਵਿੱਚ ਅਨੇਕਾਂ ਪ੍ਰਕਾਰ ਦੇ ਸੰਗੀਤ ਦੇ ਯੰਤਰ ਵਜਾਏ ਜਾਂਦੇ ਸਨ। ਸੰਗਤ ਇਸ ਤੋਂ ਬਾਅਦ ਗੁਰੂ ਜੀ ਨੂੰ ਪ੍ਰਣਾਮ ਕਰਦੀ ਤੇ ਸਾਰੇ ਇਕੱਠੇ ਹੀ ਸ਼ਾਮ ਦੇ ਖਾਣੇ ਵਾਸਤੇ ਚਲੇ ਜਾਂਦੇ। ਫਿਰ ਇੱਕ ਪਵਿੱਤਰ ਦਰਬਾਰ ਲਗਦਾ ਅਤੇ ਉਸ ਵਿੱਚ ਕਲਿਆਣ ਤੇ ਕਾਨੜਾ ਰਾਗ ਵਿਚ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ।

ਇਸ ਤੋਂ ਬਾਅਦ ਢਾਡੀ ਅਬਦੁੱਲਾ ਸੂਰਬੀਰਤਾ ਦੇ ਗੀਤ ਗਾਉਂਦਾ। ਸਿੱਖਾਂ ਨੂੰ ਸੂਰਬੀਰਾਂ ਦੇ ਕਾਰਨਾਮੇ ਸੁਣਾ ਕੇ ਪ੍ਰੇਰਣਾ ਦਿੰਦਾ ਅਤੇ ਅਜਿਹੀਆਂ ਭਾਵਨਾਵਾਂ ਨੂੰ ਦੂਰ ਕਰਦਾ ਜਿਹੜੀਆਂ ਕਿ ਸੂਰਬੀਰਾਂ ਦੇ ਲਈ ਠੀਕ ਨਹੀਂ ਹੁੰਦੀਆਂ।

ਇਸ ਤੋਂ ਬਾਅਦ ਸੋਹਿਲੇ ਦਾ ਪਾਠ ਹੁੰਦਾ ਅਤੇ ਫਿਰ ਗੁਰੂ ਜੀ ਆਪਣੇ ਨਿੱਜੀ ਸਥਾਨ 'ਤੇ ਚਲੇ ਜਾਂਦੇ। ਸੌਣ ਤੋਂ ਪਹਿਲਾਂ ਉਹ ਸਤਿਕਾਰ ਵਜੋਂ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਮਾਤਾ ਜੀ ਦੇ ਚਰਨਾਂ ਵਿਚ ਮੱਥਾ ਟੇਕਦੇ।

ਗੁਰੂ ਜੀ ਆਪਣੇ ਸਿੱਖਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਖਾਸ ਤੌਰ 'ਤੇ ਸੁਣਾਉਂਦੇ ਹੁੰਦੇ ਸਨ :

ਆਪੇ ਕਰਤਾ ਪੁਰਖੁ ਬਿਧਾਤਾ॥ ਜਿਨਿ ਆਪੇ ਆਪਿ ਉਪਾਇ ਪਛਾਤਾ॥
ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥੧॥
ਆਪੇ ਨੇੜੈ ਨਾਹੀ ਦੂਰੇ॥ ਬੂਝਹਿ ਗੁਰਮੁਖਿ ਸੇ ਜਨ ਪੂਰੇ॥
ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ॥੨॥
ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ਹਰਿ ਗੁਣ ਗਾਵਹਿ ਰਸਨ ਰਸੇਰੇ॥
ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ॥੩॥

ਓਇ ਜਾਗਤ ਰਹਹਿ ਨ ਸੂਤੇ ਦੀਸਹਿ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥
ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ॥੪॥
ਬੂਝਹੁ ਹਰਿ ਜਨ ਸਤਿਗੁਰ ਬਾਣੀ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ॥
ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ॥੫॥
ਛੋਡਹੁ ਪ੍ਰਾਣੀ ਕੂੜ ਕਬਾੜਾ॥ ਕੂੜੁ ਮਾਰੇ ਕਾਲੁ ਉਛਾਹੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ॥੬॥
ਛੋਡਹੁ ਨਿੰਦਾ ਤਾਤਿ ਪਰਾਈ॥ ਪੜਿ ਪੜਿ ਦਝਹਿ ਸਾਤਿ ਨ ਆਈ॥
ਮਿਲਿ ਸਤ ਸੰਗਤਿ ਨਾਮੁ ਸਲਾਹਹੁ ਆਤਮਰਾਮੁ ਸਖਾਈ ਹੇ॥੭॥
ਛੋਡਹੁ ਕਾਮ ਕ੍ਰੋਧ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥੮॥
ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ॥
ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ॥੯॥
ਗੁਰ ਪਹਿ ਮੁਕਤਿ ਦਾਨੁ ਦੇ ਭਾਣੈ॥ ਜਿਨਿ ਪਾਇਆ ਸੋਈ ਬਿਧਿ ਜਾਣੈ॥
ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ॥੧੦॥
ਗੁਰ ਬਿਨੁ ਉਰਝਿ ਮਰਹਿ ਬੇਕਾਰਾ॥ ਜਮ ਸਿਰਿ ਮਾਰੇ ਕਰੇ ਖੁਆਰਾ॥
ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ॥੧੧॥
ਬੋਲਹੁ ਸਾਚੁ ਪਛਾਣਹੁ ਅੰਦਰਿ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ॥
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ॥੧੨॥
ਦੇਹੀ ਅੰਦਰਿ ਨਾਮੁ ਨਿਵਾਸੀ॥ ਆਪੇ ਕਰਤਾ ਹੈ ਅਬਿਨਾਸੀ॥
ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ॥੧੩॥
ਓਹੁ ਨਿਰਮਲੁ ਹੈ ਨਾਹੀ ਅੰਧਿਆਰਾ॥ ਓਹੁ ਆਪੇ ਤਖਤਿ ਬਹੈ ਸਚਿਆਰਾ॥
ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ॥੧੪॥
ਗੁਰ ਕੇ ਸੇਵਕ ਸਤਿਗੁਰ ਪਿਆਰੇ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ॥
ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ॥੧੫॥
ਆਪਿ ਤਰੈ ਜਨੁ ਪਿਤਰਾ ਤਾਰੇ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ॥
ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ॥੧੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੫-੨੬)

(ਪੁਸਤਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਚੋਂ)

5 ਜੁਲਾਈ ਨੂੰ ਸਿਰਜਣਾ ਦਿਵਸ 'ਤੇ

# ਪੂਰਨ ਪ੍ਰਭੂਸੱਤਾ ਸੰਪੰਨ- ਸ੍ਰੀ ਅਕਾਲ ਤਖ਼ਤ ਸਾਹਿਬ

-ਡਾ. ਸੁਖਦਿਆਲ ਸਿੰਘ

ਸਿੱਖ ਧਰਮ ਇਕ ਸੁਤੰਤਰ ਧਰਮ ਦੇ ਤੌਰ 'ਤੇ ਸਥਾਪਤ ਹੋਇਆ ਧਰਮ ਹੈ। ਆਪਣੇ ਸਮਕਾਲੀ ਧਰਮਾਂ ਹਿੰਦੂ ਧਰਮ ਅਤੇ ਇਸਲਾਮ ਤੋਂ ਇਹ ਇਕੋ ਜਿਹੀ ਵਿੱਥ 'ਤੇ ਹੈ, ਕਿਉਂਕਿ ਧਰਮ ਸੁਤੰਤਰ ਹੈ, ਇਸ ਲਈ ਇਸ ਨੂੰ ਮੰਨਣ ਵਾਲਾ ਸਿੱਖ ਸਮਾਜ ਵੀ ਸੁਤੰਤਰ ਸਮਾਜ ਹੈ। ਸੁਤੰਤਰ ਸਮਾਜ ਹੀ ਆਪਣੀਆਂ ਸੁਤੰਤਰ ਸੰਸਥਾਵਾਂ ਸਥਾਪਤ ਕਰਦਾ ਹੈ। ਗ਼ੁਲਾਮ ਸਮਾਜ ਵੱਲੋਂ ਕਦੇ ਵੀ ਸੁਤੰਤਰ ਸੰਸਥਾਵਾਂ ਨਹੀਂ ਸਿਰਜੀਆਂ ਜਾਂਦੀਆਂ। ਗ਼ੁਲਾਮੀ ਜ਼ਰੂਰੀ ਨਹੀਂ ਕਿ ਰਾਜਨੀਤਿਕ ਕਿਸਮ ਦੀ ਹੀ ਹੋਵੇ। ਇਹ ਸਿਧਾਂਤਕ ਵੀ ਹੋ ਸਕਦੀ ਹੈ ਅਤੇ ਮਾਨਸਿਕ ਵੀ ਸਿੱਖ ਧਰਮ ਦੁਆਰਾ ਸਿਰਜਿਆ ਗਿਆ ਗੁਰਮੁਖ, ਸਿਧਾਂਤਕ ਤੌਰ 'ਤੇ ਵੀ ਸੁਤੰਤਰ ਸੀ ਅਤੇ ਮਾਨਸਿਕ ਤੌਰ 'ਤੇ ਵੀ ਇਨ੍ਹਾਂ ਦੋਵਾਂ ਸਥਿਤੀਆਂ ਵਿੱਚੋਂ ਸੁਤੰਤਰ ਹੋਣ ਉਪਰੰਤ ਸੁਤੰਤਰਤਾ ਦੀ ਅਗਲੀ ਅਵਸਥਾ ਰਾਜਨੀਤਿਕ ਖੇਤਰ ਦੀ ਹੁੰਦੀ ਹੈ। ਸੰਸਥਾਵਾਂ ਆਪਣੀ ਕੌਮ ਦੀ ਸੋਚ ਦੀਆਂ ਪ੍ਰਤੀਕ ਹੁੰਦੀਆਂ ਹਨ। ਸੀ ਅਕਾਲ ਤਖਤ ਸਾਹਿਬ, ਸਿੱਖ ਧਰਮ ਦੀਆਂ ਪ੍ਰਮੁੱਖ ਸੰਸਥਾਵਾਂ ਵਿੱਚੋਂ ਸਭ ਤੋਂ ਸਿਰਮੌਰ ਅਤੇ ਸ੍ਰੇਸ਼ਟ ਸੰਸਥਾ ਹੈ। ਇਹ ਸੰਸਥਾ ਆਪਣੇ ਆਪ ਵਿਚ ਹੀ ਸੁਤੰਤਰ ਨਹੀਂ ਸਗੋਂ ਆਪਣੀ ਕੌਮ ਦੀ ਸੁਤੰਤਰਤਾ ਦੀ ਵੀ ਪ੍ਰਤੀਕ ਹੈ।

ਅੱਜ ਦੇ ਯੁੱਗ ਵਿਚ ਹਰ ਪਾਠਕ ਇਤਿਹਾਸਕ ਪਿਛੋਕੜ ਦੇ ਸਬੂਤ ਚਾਹੁੰਦਾ ਹੈ। ਪੱਛਮੀ ਢੰਗ ਦੀ ਵਿਦਿਆ ਨੇ, ਖਾਸ ਕਰਕੇ ਕਮਿਊਨਿਸਟ ਵਿਚਾਰਧਾਰਾ ਨੇ ਸਬੂਤਾਂ ਵਿੱਚੋਂ ਪਰੰਪਰਾਵਾਂ ਅਤੇ ਵਿਸ਼ਵਾਸ ਨੂੰ ਅਣਗੌਲਿਆਂ ਕਰ ਕੇ ਰੱਖਿਆ ਹੈ।

ਪੱਛਮੀ ਵਿਦਿਆ ਤਾਂ ਨਿਰੋਲ ਕਿਤਾਬੀ ਅਤੇ ਮਕੈਨਕੀ ਗਿਆਨ ਹੈ। ਇਸ ਕਰਕੇ ਇਹ ਸੁਤੇ-ਸਿੱਧ ਹੀ ਉਸ ਗਿਆਨ ਤੋਂ ਕੋਰੀ ਹੈ ਜਿਹੜਾ ਪਰੰਪਰਾਵਾਂ ਅਤੇ ਵਿਸ਼ਵਾਸ ਰਾਹੀਂ ਪ੍ਰਾਪਤ ਹੁੰਦਾ ਹੈ। ਕਮਿਊਨਿਸਟ ਵਿਚਾਰਧਾਰਾ ਜਾਣ-ਬੁੱਝ ਕੇ ਅਤੇ ਇਕ ਵਿਸ਼ੇਸ਼ ਪ੍ਰੋਗਰਾਮ ਤਹਿਤ ਪਰੰਪਰਾ ਅਤੇ ਵਿਸ਼ਵਾਸ ਨੂੰ ਰੱਦ ਕਰਦੀ ਹੈ। ਪਰੰਪਰਾ ਅਤੇ ਵਿਸ਼ਵਾਸ ਤੋਂ ਬਿਨਾਂ ਕੋਈ ਵੀ ਸਮਾਜ ਜਾਂ ਕੌਮ ਭਵਿੱਖ ਵਿਚ ਸਫਲਤਾ ਨਾਲ ਚੱਲ ਨਹੀਂ ਸਕਦਾ। ਪਰੰਪਰਾਵਾਂ ਅਤੇ ਵਿਸ਼ਵਾਸ ਕੌਮ ਦੀ ਨੀਂਹ ਹੁੰਦੀਆਂ ਹਨ। ਜਿਤਨੀਆਂ ਨੀਹਾਂ ਮਜ਼ਬੂਤ ਹੋਣਗੀਆਂ, ਉਸਾਰੀ ਵੀ ਉਤਨੀ ਹੀ ਜ਼ਿਆਦਾ ਮਜ਼ਬੂਤ ਹੋਵੇਗੀ। ਲਿਖਤਾਂ ਉੱਪਰ ਆਧਾਰਤ ਤਾਂ ਸਿਰਫ ਦਫ਼ਤਰੀ ਕਾਰਵਾਈ ਹੀ ਹੋ ਸਕਦੀ ਹੈ। ਜਿਹੜੀ ਕੌਮ ਲਗਾਤਾਰ ਸੰਘਰਸ਼ ਦੇ ਵਿਚ ਹੀ ਵਿਚਰੀ ਹੋਵੇ ਅਤੇ ਘਰੋਂ ਬੇਘਰ ਹੋਈ ਰਹੀ ਹੋਵੇ ਉਸ ਤਰ੍ਹਾਂ ਦੇ ਮਾਹੌਲ ਵਿਚ ਕਿਸ ਤਰ੍ਹਾਂ ਦਫ਼ਤਰੀ ਦਸਤਾਵੇਜ਼ਾਂ ਦੇ ਚੱਕਰ ਵਿਚ ਪਿਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਤਾਂ ਕੇਵਲ ਇਕ ਵਿਸ਼ਵਾਸ ਜਾਂ ਪਰੰਪਰਾ ਹੀ ਇਕੋ ਇਕ ਸੂਤਰ ਹੁੰਦੀ ਹੈ ਜਿਹੜੀ ਸਮੁੱਚੀ ਕੌਮ ਨੂੰ ਇਕੱਠਾ ਰੱਖਣ ਦਾ ਕੰਮ ਕਰਦੀ ਹੈ। ਇਹ ਸਭ ਕੁਝ ਲਿਖਣ ਦਾ ਭਾਵ ਸਿਰਫ ਇਹ ਹੀ ਹੈ ਕਿ ਜਦੋਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ ਵਰਣਨ ਕਰਦੇ ਹਾਂ ਤਾਂ ਸਾਡੇ ਸਾਹਮਣੇ ਲਿਖਤੀ ਗਵਾਹੀਆਂ ਦੀ ਘਾਟ ਹੁੰਦੀ ਹੈ ਅਤੇ ਨਿਰੋਲ ਪਰੰਪਰਾਵਾਂ ਦੇ ਉੱਪਰ ਆਧਾਰਤ ਹੋ ਕੇ ਹੀ ਇਹ ਵਰਣਨ ਕੀਤਾ ਜਾਂਦਾ ਹੈ। ਸ਼ਰਾਰਤੀ ਕਿਸਮ ਦਾ ਮਨ ਸਵਾਲ ਖੜ੍ਹੇ ਕਰਦਾ ਹੈ ਕਿ ਕੋਈ ਨਿਮਨ ਲਿਖਤ ਸਬੂਤ ਦਿਖਾਓ। ਜਦੋਂ ਮਾਂ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਜਨਮ ਦਾ ਦਿਨ ਅਤੇ ਸਮਾਂ ਉਹ ਹੀ ਦੱਸਦੀ ਹੈ। ਅੱਜ ਕੱਲ੍ਹ ਤਾਂ ਬੱਚੇ ਹਸਪਤਾਲਾਂ ਵਿਚ ਪੈਦਾ ਹੋਣ ਕਰਕੇ ਸਮੇਂ ਦੀ ਇਤਲਾਹ ਡਾਕਟਰ ਲੋਕ ਹੀ ਦੇਣ ਲੱਗ ਪਏ ਹਨ ਪਰ ਪਹਿਲੇ

ਸਮਿਆਂ ਵਿਚ ਇਹ ਕੁਝ ਨਹੀਂ ਸੀ। ਬੱਚੇ ਦਾ ਪਿਤਾ ਕੌਣ ਹੈ ਇਸ ਦਾ ਨਿਰਨਾ ਵੀ ਮਾਂ ਹੀ ਕਰਦੀ ਸੀ। ਮਾਂ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਬੱਚੇ ਦਾ ਪਿਤਾ ਕੌਣ ਹੈ?

ਮਾਂ ਦੀਆਂ ਗੱਲਾਂ 'ਤੇ ਹੀ ਵਿਸ਼ਵਾਸ ਕਰਕੇ ਇਹ ਮੰਨ ਲਿਆ ਜਾਂਦਾ ਹੈ ਕਿ ਬੱਚੇ ਦਾ ਜਨਮ ਫਲਾਣੇ ਸਮੇਂ 'ਤੇ ਹੋਇਆ ਸੀ ਅਤੇ ਫਲਾਣਾ ਹੀ ਬੱਚੇ ਦਾ ਪਿਤਾ ਹੈ। ਇਥੇ ਵਿਸ਼ਵਾਸ ਕੰਮ ਕਰਦਾ ਹੈ। ਜਦੋਂ ਇਕ ਰੀਤ ਜਾਂ ਰਸਮ ਕਈ ਪੀੜੀਆਂ ਤਕ ਚਲਦੀ ਰਹਿੰਦੀ ਹੈ ਤਾਂ ਪਰਿਵਾਰ ਦੇ ਸੁਯੋਗ ਵਾਰਸ ਉਸੇ ਰੀਤ ਨੂੰ ਆਪਣੇ ਪਰਿਵਾਰ ਦੀ ਰਸਮ ਮੰਨ ਕੇ ਅੱਗੇ ਇਹ ਕਹਿ ਕੇ ਅਪਣਾਉਂਦੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਵੱਡੇ-ਵਡੇਰੇ ਇਸ ਰਸਮ ਨੂੰ ਮੰਨਦੇ ਆਏ ਹਨ ਜਾਂ ਮੰਨਦੇ ਨਹੀਂ ਆਏ ਹਨ, ਇਸ ਲਈ ਉਹ ਵੀ ਉਸੇ ਤਰ੍ਹਾਂ ਹੀ ਕਰਨਗੇ, ਇਹ ਪਰੰਪਰਾ ਹੈ। ਪਰੰਪਰਾ ਕਿਸੇ ਪਰਿਵਾਰ ਜਾਂ ਸਮਾਜ ਜਾਂ ਕੌਮ ਦੇ ਪਿਛੋਕੜ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਤਰ੍ਹਾਂ ਕਈ ਵਾਰ ਲਿਖਤੀ ਗਵਾਹੀਆਂ ਤਾਂ ਗਲਤ ਸਾਬਤ ਹੋ ਸਕਦੀਆਂ ਹਨ ਪਰ ਵਿਸ਼ਵਾਸ ਅਤੇ ਪਰੰਪਰਾ ਕਦੇ ਗ਼ਲਤ ਨਹੀਂ ਹੋ ਸਕਦੀ। ਸਭ ਤੋਂ ਵੱਧ ਕੇ ਮਹੱਤਵਪੂਰਨ ਗੱਲ ਇਹ ਹੈ ਕਿ ਪਰੰਪਰਾ ਸਿਧਾਂਤਕ ਵਿਸ਼ਵਾਸ ਵਿੱਚੋਂ ਹੀ ਪੈਦਾ ਹੁੰਦੀ ਹੈ।

ਸਿੱਖ ਧਰਮ ਦੇ ਸਿਧਾਂਤ ਸੁਤੰਤਰ ਜੀਵਨ ਜੀਉਣ ਦਾ ਸੰਦੇਸ਼ ਦਿੰਦੇ ਹਨ। ਸੁਤੰਤਰ ਜੀਵਨ ਜੀਉਣ ਵਾਲੇ ਵਿਅਕਤੀ (ਗੁਰਮੁਖ) ਸੁਤੰਤਰਤਾ ਦੀ ਹੀ ਮਿਸਾਲ ਪੇਸ਼ ਕਰਨਗੇ। ਜਦੋਂ ਅਜਿਹੇ ਵਿਅਕਤੀਆਂ ਦਾ ਸਿਰਜਿਆ ਸਮਾਜ ਕਿਸੇ ਸੰਸਥਾ ਦੇ ਰੂਪ ਵਿਚ ਕੰਮ ਕਰੇਗਾ ਤਾਂ ਉਹ ਸੰਸਥਾ ਖੁਦ ਵੀ ਆਤਮ-ਨਿਰਣਾਇਕ ਹੋਵੇਗੀ ਅਤੇ ਆਤਮ-ਨਿਰਣਾਇਕ ਹੋਣ ਦਾ ਸੰਦੇਸ਼ ਵੀ ਦੇਵੇਗੀ। ਸਿੱਖ ਧਰਮ ਵਿਚ ਲੰਗਰ ਦੀ ਪ੍ਰਥਾ ਦੀ ਬੜੀ ਉੱਤਮ ਮਿਸਾਲ ਹੈ। ਗੁਰੂ ਸਾਹਿਬਾਨ ਦਾ ਨਿਰਣਾ ਸੀ ਕਿ ਲੰਗਰ ਵਿਚ ਬਿਨਾਂ ਕਿਸੇ ਊਚ-ਨੀਚ ਦੇ ਵਿਚਾਰ ਦੇ ਹੀ ਬੈਠਣਾ ਹੈ। ਇਹ ਅਸੂਲ ਸਭ ਉੱਪਰ ਲਾਗੂ ਹੁੰਦਾ ਸੀ। ਅਨੇਕਾਂ ਮਿਸਾਲਾਂ ਹਨ ਜਦੋਂ ਪ੍ਰਭੂਸੱਤਾ ਸੰਪੰਨ ਹਾਕਮ ਗੁਰੂ ਦੇ ਲੰਗਰ ਵਿਚ ਆਪਣੀ ਪ੍ਰਭੂਸੱਤਾ ਦਾ ਵਿਚਾਰ ਛੱਡ ਕੇ ਲੰਗਰ ਵਿਚ ਬੈਠੇ ਹਨ।

ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਅਕਾਲ ਤਖਤ ਸਾਹਿਬ ਇਕ ਪ੍ਰਭੂਸੱਤਾ ਸੰਪੰਨ ਸੰਸਥਾ ਹੈ। ਇਹ ਮਹਾਨ ਸੰਸਥਾ ਸਿੱਖ ਸਮਾਜ ਦੇ ਉਸ ਵਿਕਾਸ ਦੀ ਪ੍ਰਤੀਕ ਹੈ ਜਿਹੜਾ ਇਸ ਦੀ ਸਥਾਪਨਾ ਦੇ ਸਮੇਂ ਤਕ (੧੬੦੬ ਈ.) ਹੋ ਚੁੱਕਿਆ ਸੀ। ਸਿੱਖ ਸੰਗਤਾਂ ਇਕ ਮਜ਼ਬੂਤ ਸੰਗਠਨ ਵਿਚ ਪਰੋਈਆਂ ਜਾ ਚੁੱਕੀਆਂ ਸਨ। ਇਹ ਸੰਗਠਨ ਸੀ ਪਹਿਲਾਂ ਮੰਜੀ ਸਿਸਟਮ ਤੇ ਪਿੱਛੋਂ ਮਸੰਦ ਸਿਸਟਮ। ਲੰਗਰ ਦੀ ਸਾਂਝ ਸਥਾਪਤ ਹੋ ਚੁੱਕੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਇਕ ਪੂਰਨ ਪ੍ਰਭੂਸੱਤਾ ਸੰਪੰਨ ਗ੍ਰੰਥ ਸਿਰਜਿਆ ਜਾ ਚੁੱਕਿਆ ਸੀ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਦੇ ਰੂਪ ਵਿਚ ਉਹ ਕੇਂਦਰੀ ਅਸਥਾਨ ਸਥਾਪਤ ਹੋ ਚੁੱਕਿਆ ਸੀ ਜਿਥੇ ਬੈਠ ਕੇ ਸਿੱਖ ਸਮਾਜ ਪੂਰੀ ਤਰ੍ਹਾਂ ਨਿਰਭੈ ਅਤੇ ਨਿਰਵੈਰ ਹੋ ਕੇ ਆਪਣੇ ਸਿਧਾਂਤਾਂ ਦੀ ਵਿਆਖਿਆ ਕਰ ਸਕਦਾ ਸੀ। ਇਸੇ ਵਿਕਾਸ ਦੀ ਕੜੀ ਵਿਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ। ਇਹ ਸਮੇਂ ਦੀ ਮੰਗ ਵੀ ਸੀ। ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਇਸ ਗੱਲ ਦੀ ਸਬੂਤ ਹੈ ਕਿ ਸਿੱਖ ਧਰਮ ਦੀ ਸੁਤੰਤਰਤਾ ਤੋਂ ਸਮੇਂ ਦੀ ਹਕੂਮਤ ਭੈ-ਭੀਤ ਸੀ। ਇਸੇ ਭੈ ਨੂੰ ਖਤਮ ਕਰਨ ਦੇ ਭੁਲੇਖੇ ਨਾਲ ਹਕੂਮਤ ਨੇ ਸਿੱਖ ਕੌਮ ਨੂੰ ਕੁਚਲਣਾ ਚਾਹਿਆ ਸੀ। ਕੁਚਲਣ ਲਈ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਲਈ ਗਈ ਸੀ ਪਰ ਸਿੱਖ ਸਮਾਜ ਇਸ ਮਾਰੂ ਵਾਰ ਤੋਂ ਭੈ-ਭੀਤ ਜਾਂ ਬੇ-ਦਿਲ ਹੋਣ ਦੀ ਬਜਾਏ ਦੁੱਗਣੀ-ਚੌਗਣੀ ਤਾਕਤ ਧਾਰਨ ਕਰ ਕੇ ਖੜ੍ਹਾ ਹੋਇਆ ਸੀ। ਇਸ ਦੁੱਗਣੀ-ਚੌਗਣੀ ਤਾਕਤ ਦਾ ਪ੍ਰਤੀਕ ਸੀ ਸ੍ਰੀ ਅਕਾਲ ਤਖਤ ਸਾਹਿਬ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਥੇ ਬਾਦਸ਼ਾਹਾਂ ਵਾਂਗ ਬੈਠ ਕੇ ਦਰਬਾਰ ਲਗਾਉਂਦੇ ਰਹੇ ਸਨ। ਬੇਸ਼ੱਕ ਬਾਦਸ਼ਾਹਾਂ ਵਾਂਗ ਵਿਚਰਨਾ ਅਤੇ ਰਹਿਣੀ-ਸਹਿਣੀ ਰੱਖਣਾ ਸਿੱਖ ਧਰਮ ਦਾ ਮੁੱਖ ਸੰਦੇਸ਼ ਨਹੀਂ ਸੀ ਪਰ ਬਾਦਸ਼ਾਹੀ ਤੌਰ ਤਰੀਕੇ ਹਾਸਲ ਕਰਨ ਦਾ ਮਤਲਬ ਆਪਣੀ ਸੁਤੰਤਰਤਾ ਨੂੰ ਦਿਖਾਉਣ ਦਾ ਸੀ। ਇਥੇ ਬੈਠ ਕੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਦੇ ਆਪਸੀ ਝਗੜੇ ਨਿਬੇੜਨੇ ਸ਼ੁਰੂ ਕੀਤੇ ਸਨ ਜਿਹੜੇ ਇਸ ਗੱਲ ਦਾ ਪ੍ਰਤੀਕ ਸਨ ਕਿ ਸਿੱਖ ਸਮਾਜ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਭ ਤੋਂ ਉੱਚੀ ਅਤੇ ਅੰਤਮ ਅਦਾਲਤ ਹੈ। ਸਭ ਤੋਂ ਉੱਚੀ ਅਤੇ

ਅੰਤਮ ਅਦਾਲਤ ਦਾ ਭਾਵ ਸੀ ਕਿ ਇਥੋਂ ਹੋਏ ਫ਼ੈਸਲੇ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਵੀ ਨਹੀਂ ਲਿਜਾਇਆ ਜਾ ਸਕਦਾ ਸੀ। ਬੇਸ਼ੱਕ ਇਥੋਂ ਕੀਤੇ ਫ਼ੈਸਲੇ ਅਤੇ ਇਥੇ ਲਾਏ ਗਏ ਦਰਬਾਰ ਮੁਗ਼ਲ ਹਕੂਮਤ ਤੋਂ ਵੱਖਰਾ ਮੁਲਕ ਨਹੀਂ ਬਣਾਉਂਦੇ ਸਨ ਪਰ ਸਿੱਖ ਸਮਾਜ ਨੂੰ ਆਤਮ-ਨਿਰਣੈ ਦੇ ਅਧਿਕਾਰ ਨੂੰ ਸਥਾਪਿਤ ਰੱਖਣ ਦਾ ਸੀ, ਕਿਸੇ ਹਕੂਮਤ ਦੀ ਤਾਕਤ ਨੂੰ ਹਰਾ ਕੇ ਆਪਣੀ ਹਕੂਮਤ ਕਾਇਮ ਕਰਨ ਦਾ ਨਹੀਂ ਸੀ। ਸਿਰਫ ਇੰਨਾ ਹੀ ਨਹੀਂ, ਗੁਰੂ ਸਾਹਿਬ ਨੇ ਆਪਣੀ ਰੱਖਿਆ ਲਈ ਆਪਣੀਆਂ ਫੌਜਾਂ ਵੀ ਕਾਇਮ ਕੀਤੀਆਂ ਸਨ। ਇਨ੍ਹਾਂ ਫੌਜਾਂ ਨੇ ਮੁਗ਼ਲ ਹਕੂਮਤ ਦੇ ਇਲਾਕੇ ਉੱਪਰ ਹਮਲੇ ਨਹੀਂ ਕਰਨੇ ਸਨ ਬਲਕਿ ਆਪਣੇ ਸਵੈਮਾਣ ਅਤੇ ਆਤਮ-ਨਿਰਣੈ ਦੇ ਅਧਿਕਾਰ ਦੀ ਰਾਖੀ ਕਰਨੀ ਸੀ। ਇਤਿਹਾਸ ਗਵਾਹ ਹੈ ਕਿ ਜਦੋਂ ਵਿਰੋਧੀਆਂ ਨੇ ਗੁਰੂ ਸਾਹਿਬ ਨੂੰ ਡਰਾਉਣ ਧਮਕਾਉਣ ਲਈ ਹਮਲੇ ਕਰਨੇ ਸ਼ੁਰੂ ਕੀਤੇ ਸਨ ਤਾਂ ਇਨ੍ਹਾਂ ਸਿੱਖ ਫੌਜਾਂ ਨੇ ਉਨ੍ਹਾਂ ਦਾ ਮੂੰਹ ਤੋੜ ਜਵਾਬ ਦਿੱਤਾ ਸੀ।

ਖਾਲਸਾ ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚਤਾ ਮੰਨਣ ਵਾਲੀ ਪਰੰਪਰਾ ਸ਼ੁਰੂ ਹੋਈ ਹੈ। ਇਸ ਪਰੰਪਰਾ ਨੂੰ ਇਕ ਹੋਰ ਗੱਲ ਸਪੱਸ਼ਟ ਰੂਪ ਵਿਚ ਉਜਾਗਰ ਕਰ ਰਹੀ ਹੈ, ਉਹ ਹੈ ਸ੍ਰੀ ਅਕਾਲ ਤਖਤ ਸਾਹਿਬ ਦਾ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਦੇ ਬਿਲਕੁਲ ਸਾਹਮਣੇ ਹੋਣਾ। ਅੰਮ੍ਰਿਤਸਰ ਮੁੱਢ ਤੋਂ ਹੀ ਸਮੁੱਚੇ ਸਿੱਖ ਜਗਤ ਦਾ ਕੇਂਦਰੀ ਅਸਥਾਨ ਹੈ। ਇਸ ਨੂੰ ਆਧੁਨਿਕ ਬੋਲੀ ਵਿਚ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਸਰ ਸਿੱਖ-ਪੰਥ ਦੀ ਰਾਜਧਾਨੀ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਰਾਜਧਾਨੀ ਦਾ ਉਹ ਕੇਂਦਰੀ ਅਸਥਾਨ ਹੈ ਜਿਥੋਂ ਸਿੱਖ-ਪੰਥ ਆਪਣੀ ਸਰਬ-ਉੱਚਤਾ ਨੂੰ ਦਰਸਾ ਸਕਦਾ ਹੈ।

ਖਾਲਸੇ ਦੀ ਸਾਜਣਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ ਸੀ। ਇਹ ਘਟਨਾ ਸਿੱਖ ਕੌਮ ਲਈ ਇਕ ਨਵਾਂ ਮੋੜ ਸੀ ਭਾਵ ਕਿ ਬੜੀ ਹੀ ਅਹਿਮ ਸੀ। ਜਿਉਂ ਹੀ ਸਿੱਖਾਂ ਨੂੰ ਅੰਮ੍ਰਿਤਸਰ ਜਾਣ ਦੀ ਖੁੱਲ੍ਹ ਮਿਲੀ ਤਾਂ ਉਹ ਇਹ ਸਭ ਗੱਲਾਂ ਯਾਦ ਰੱਖਣ ਦੇ ਬਾਵਜੂਦ ਵੀ ਅੰਮ੍ਰਿਤਸਰ ਪਹੁੰਚ ਕੇ ਇਕੱਠੇ ਹੋ ਰਹੇ ਸਨ? ਸਿੱਖਾਂ ਵੱਲੋਂ ਇਨ੍ਹਾਂ ਸਭ ਗੱਲਾਂ ਨੂੰ ਆਹਮਣੇ ਸਾਹਮਣੇ ਰੱਖਦੇ ਹੋਏ ਵੀ ਅੰਮ੍ਰਿਤਸਰ ਜਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਣਾ ਇਸੇ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਪਰੰਪਰਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸਰਬ-ਉੱਚ ਸੰਸਥਾ ਦੇ ਤੌਰ ’ਤੇ ਵਸਿਆ ਹੋਇਆ ਸੀ। ਕਿਉਂਕਿ ਸਿੱਖਾਂ ਵਿਚ ਪਰੰਪਰਾ ਪ੍ਰਚੱਲਤ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਉਨ੍ਹਾਂ ਦੀ ਸਰਬ-ਉੱਚਤਾ ਦਾ ਪ੍ਰਤੀਕ ਹੈ। ਇਸ ਲਈ ਉਹ ਆਪਣੀ ਪਰੰਪਰਾ ਤੋਂ ਸੇਧ ਲੈਂਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਇਕੱਠੇ ਹੋਣਾ। ਪਰੰਪਰਾ ਅਤੇ ਵਿਸ਼ਵਾਸ ਦੀ ਇਹ ਤਾਕਤ ਹੈ।

ਸ਼ਹੀਦੀ ਦਿਹਾੜਾ 9 ਜੁਲਾਈ

# ਭਾਈ ਮਨੀ ਸਿੰਘ ਜੀ ਸ਼ਹੀਦ

–ਸ. ਜਸਵੰਤ ਸਿੰਘ 'ਅਜੀਤ'

ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪ੍ਰਾਚੀਨ ਸਮੇਂ ਵਿਚ ਲਗਾਤਾਰ ਸੰਘਰਸ਼ ਵਿਚ ਰੁਝਿਆਂ ਰਹਿਣ ਦੇ ਬਾਵਜੂਦ ਸਿੱਖ ਸਦਾ ਹੀ ਰਾਜ–ਸੱਤਾ ਨਾਲੋਂ ਆਪਣੇ ਆਦਰਸ਼ਾਂ ਦੇ ਪਾਲਣ ਅਤੇ ਗੁਰੂ ਸਾਹਿਬਾਨ ਵੱਲੋਂ ਗ਼ਰੀਬ–ਮਜ਼ਲੂਮ ਅਤੇ ਆਤਮ–ਸਨਮਾਨ ਦੀ ਰੱਖਿਆ ਲਈ ਸੌਂਪੀਆਂ ਹੋਈਆਂ ਜ਼ਿੰਮੇਦਾਰੀਆਂ ਨੂੰ ਨਿਭਾਉਣ ਪ੍ਰਤੀ ਆਪਣੀ ਨਿਸ਼ਠਾ ਕਾਇਮ ਰੱਖਣ ਨੂੰ ਹੀ ਪਹਿਲ ਦਿੰਦੇ ਰਹੇ। ਭਾਵੇਂ ਇਸ ਦੇ ਲਈ ਉਨ੍ਹਾਂ ਨੂੰ ਅਨੇਕਾਂ ਹੀ ਕੁਰਬਾਨੀਆਂ ਦੇਣੀਆਂ ਪਈਆਂ ਅਤੇ ਤਸੀਹੇ ਝੱਲਣੇ ਪਏ, ਪਰ ਕੋਈ ਲਾਲਚ ਕੋਈ ਡਰ–ਭਉ ਉਨ੍ਹਾਂ ਨੂੰ ਆਪਣੇ ਆਦਰਸ਼ਾਂ ਤੋਂ ਡਗਮਗਾ ਨਹੀਂ ਸੀ ਸਕਿਆ।

ਇਤਿਹਾਸ ਵਿਚ ਆਉਂਦਾ ਹੈ ਕਿ ਜ਼ਕਰੀਆ ਖਾਨ ਵੱਲੋਂ ਦਿੱਲੀ ਦਰਬਾਰ ਦੀ ਸਹਿਮਤੀ ਨਾਲ ਸਿੱਖਾਂ ਨੂੰ ਜਾਗੀਰ ਦੇ ਕੇ ਆਪਣੇ ਗਲੋਂ ਲਾਹ ਆਪਸ ਵਿਚ ਉਲਝਾਉਣ ਦੀ ਜੋ ਚਾਲ ਚੱਲੀ ਗਈ ਸੀ, ਉਹ ਸਫ਼ਲ ਨਾ ਹੋ ਸਕੀ। ਇਸ ਗੱਲ ਦਾ ਸੰਕੇਤ ਉਸੇ ਸਮੇਂ ਹੀ ਮਿਲ ਗਿਆ ਸੀ, ਜਦੋਂ ਜ਼ਕਰੀਆ ਖਾਨ ਵੱਲੋਂ ਭੇਜੀ ਗਈ ਜਾਗੀਰ ਨੂੰ ਕੋਈ ਵੀ ਸਿੱਖ ਸਵੀਕਾਰ ਕਰਨ ਦੇ ਲਈ ਤਿਆਰ ਨਹੀਂ ਸੀ ਹੋ ਰਿਹਾ। ਸਿੱਖਾਂ ਦੇ ਇਸ ਆਚਰਣ ਨੇ ਸਾਬਤ ਕਰ ਦਿੱਤਾ ਕਿ ਉਨ੍ਹਾਂ ਨੂੰ ਸੱਤਾ ਨਾਲੋਂ ਆਪਣੇ ਆਦਰਸ਼ ਪਿਆਰੇ ਹਨ। ਉਹ ਰਾਜ–ਸੱਤਾ ਲਈ ਆਪਣੇ ਆਦਰਸ਼ ਕੁਰਬਾਨ ਨਹੀਂ ਕਰ ਸਕਦੇ। ਹਾਂ, ਆਦਰਸ਼ਾਂ ਦੀ ਰੱਖਿਆ ਲਈ ਉਹ ਰਾਜ–ਸੱਤਾ ਜ਼ਰੂਰ ਕੁਰਬਾਨ ਕਰ ਸਕਦੇ ਹਨ।

ਉਹ ਸਮਝਦੇ ਸਨ, ਕਿ ਰਾਜ–ਸੱਤਾ ਸਦਾ ਰਹਿਣ ਵਾਲੀ ਨਹੀਂ, ਜੇ ਉਨ੍ਹਾਂ ਜਾਗੀਰ ਲੈ ਵੀ ਲਈ ਤਾਂ ਉਹ ਥੋੜ–ਚਿਰੀ ਹੀ ਹੋਵੇਗੀ, ਕਿਉਂਕਿ ਉਹ ਆਪਣੇ ਆਦਰਸ਼ ਤਿਆਗ ਨਹੀਂ ਸਕਣਗੇ ਅਤੇ ਹਾਕਮਾਂ ਨੂੰ ਉਨ੍ਹਾਂ ਦਾ ਆਪਣੇ ਆਦਰਸ਼ਾਂ ਪੁਰ ਪਹਿਰਾ ਦਿੰਦਿਆਂ ਰਹਿਣਾ ਬਰਦਾਸ਼ਤ ਨਹੀਂ ਹੋ ਸਕੇਗਾ।

ਉਹ ਸਮਝਦੇ ਸਨ ਕਿ ਜੇ ਉਨ੍ਹਾਂ ਜਾਗੀਰ ਕਾਇਮ ਰੱਖਣ ਲਈ, ਹਾਕਮਾਂ ਨੂੰ ਖ਼ੁਸ਼ ਰੱਖਣ ਦੀ ਨੀਤੀ ਅਪਣਾਈ, ਤਾਂ ਜਬਰ–ਜ਼ੁਲਮ ਅਤੇ ਅਨਿਆਇ ਦੇ ਵਿਰੁੱਧ ਗ਼ਰੀਬ–ਮਜ਼ਲੂਮ ਦੀ ਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਣ ਲਈ ਵਿੱਢੇ ਹੋਏ ਸੰਘਰਸ਼ ਵਿਚ ਕਮਜ਼ੋਰੀ ਆ ਜਾਵੇਗੀ। ਇਸੇ ਕਾਰਨ ਉਨ੍ਹਾਂ ਰਾਜ–ਸੱਤਾ ਨਾਲੋਂ ਗੁਰੂ ਸਾਹਿਬਾਨ ਵੱਲੋਂ ਸੌਂਪੀਆਂ ਜ਼ਿੰਮੇਦਾਰੀਆਂ ਨਿਭਾ ਕੇ ਆਪਣੇ ਆਦਰਸ਼ਾਂ ਪ੍ਰਤੀ ਨਿਸ਼ਠਾ ਨੂੰ ਕਾਇਮ ਰੱਖਣ ਨੂੰ ਹੀ ਪਹਿਲ ਦਿੱਤੀ।

ਗੱਲ ਉਹੀ ਹੋਈ, ਜਿਸ ਦਾ ਉਨ੍ਹਾਂ ਨੂੰ ਵਿਸ਼ਵਾਸ ਸੀ। ਜਦੋਂ ਜ਼ਕਰੀਆ ਖਾਨ ਨੂੰ ਇਹ ਜਾਪਿਆ ਕਿ ਉਸ ਦੀ ਚਾਲ ਉਲਟੀ ਪੈ ਰਹੀ ਹੈ। ਸਿੱਖ ਆਪਸ ਵਿਚ ਉਲਝ ਕੇ, ਕਮਜ਼ੋਰ ਹੋਣ ਦੀ ਬਜਾਏ, ਇੱਕ–ਜੁਟ ਹੋ ਸ਼ਕਤੀ ਪਕੜਦੇ ਜਾ ਰਹੇ ਹਨ, ਤਾਂ ਉਸ ਨੇ ਸਿੱਖਾਂ ਨੂੰ ਦਿੱਤੀ ਜਾਗੀਰ ਵਾਪਸ ਲੈ ਲਈ ਅਤੇ ਉਨ੍ਹਾਂ ਪੁਰ ਮੁੜ ਜਬਰ–ਜ਼ੁਲਮ ਢਾਹੁਣ ਦੇ ਚੱਕਰ ਵਿਚ ਤੇਜ਼ੀ ਲੈ ਆਂਦੀ। ਸਿੱਖ, ਜੋ ਇਸ ਸਥਿਤੀ ਦਾ ਸਾਹਮਣਾ ਕਰਨ ਲਈ ਪਹਿਲਾਂ ਤੋਂ ਹੀ ਤਿਆਰ ਸਨ, ਪਹਿਲਾਂ ਵਾਂਗ ਹੀ ਜੰਗਲਾਂ–ਬੇਲਿਆਂ ਵਿਚ ਜਾ, ਜਾਬਰ ਹਕੂਮਤ ਲਈ ਸਿਰ–ਦਰਦ ਬਣਨ ਲੱਗ ਪਏ।

ਇਸੇ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸ੍ਰੀ ਅੰਮ੍ਰਿਤਸਰ ਜਾਂਦੇ ਸਿੱਖਾਂ ਦਾ ਹਜ਼ਾਰਾ ਸ਼ਾਹ ਦੇ ਮੁਕਾਮ 'ਤੇ ਮੁਗ਼ਲ ਫੌਜ ਨਾਲ ਸਾਹਮਣਾ ਹੋ ਗਿਆ। ਇੱਥੇ ਗਹਿਗੱਚ ਲੜਾਈ ਹੋਈ, ਜਿਸ ਵਿਚ ਨਾ ਕੇਵਲ ਮੁਗ਼ਲ ਫੌਜ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ, ਸਗੋਂ ਉਸ ਦੇ ਨਾਮੀ ਸਿਪਾਹ–ਸਾਲਾਰ ਜਮਾਲ ਖਾਨ ਤੇ ਤਾਤਾਰ

ਖਾਨ ਅਤੇ ਨਾਲ ਹੀ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਵੀ ਮਾਰੇ ਗਏ। ਇਸ ਹਾਰ ਤੋਂ ਜਿੱਥੇ ਜ਼ਕਰੀਆ ਖਾਨ ਬੌਖਲਾ ਉੱਠਿਆ ਤੇ ਉਸ ਨੇ ਮੁਗ਼ਲ ਫੌਜ ਭੇਜ ਕੇ ਸ੍ਰੀ ਦਰਬਾਰ ਸਾਹਿਬ ਨੂੰ ਘੇਰੇ ਵਿਚ ਲੈ ਲਿਆ, ਉੱਥੇ ਹੀ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਨਾਲ ਮਿਲ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਇਰਾਦੇ ਨਾਲ ਪੂਰੀ ਸ਼ਕਤੀ ਝੌਂਕ ਦਿੱਤੀ।

ਇਹ ਦੌਰ ਕਾਫ਼ੀ ਲੰਮੇਂ ਸਮੇਂ ਤਕ ਚੱਲਦਾ ਰਿਹਾ! ਇਸ ਦੌਰ ਦੇ ਚੱਲਦਿਆਂ, ਤਕਰੀਬਨ ਤਿੰਨ ਸਾਲ ਸਿੱਖ, ਨਾ ਤਾਂ ਵੈਸਾਖੀ ਅਤੇ ਨਾ ਹੀ ਦੀਵਾਲੀ 'ਤੇ ਸ੍ਰੀ ਦਰਬਾਰ ਸਹਿਬ ਵਿਖੇ ਆਪਣਾ ਇਕੱਠ ਕਰ ਸਕੇ। ਉਧਰ ਬੀਤੇ ਲੱਗਭਗ ਅਠਾਰ੍ਹਾਂ ਵਰ੍ਹਿਆਂ ਤੋਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਦਾਰੀ ਨਿਭਾ ਰਹੇ ਭਾਈ ਮਨੀ ਸਿੰਘ ਜੀ ਨੇ ਦੀਵਾਲੀ ਪੁਰ ਸ੍ਰੀ ਦਰਬਾਰ ਸਾਹਿਬ ਵਿਖੇ ਪੰਥਕ ਇਕੱਠ ਕਰਨ ਦਾ ਵਿਚਾਰ ਬਣਾਇਆ ਅਤੇ ਵਿਚੋਲਿਆਂ ਰਾਹੀਂ ਉਨ੍ਹਾਂ ਜ਼ਕਰੀਆ ਖਾਨ ਨਾਲ ਗੱਲ ਕੀਤੀ। ਜ਼ਕਰੀਆ ਖਾਨ ਮੰਨ ਤਾਂ ਗਿਆ ਪਰ ਇਸ ਦੇ ਨਾਲ ਹੀ ਪੰਜ ਹਜ਼ਾਰ ਰੁਪਏ ਕਰ ਵਜੋਂ ਅਦਾ ਕਰਨ ਦੀ ਸ਼ਰਤ ਵੀ ਰੱਖ ਦਿੱਤੀ। ਜਿਸ ਨੂੰ ਪੰਥਕ ਹਿੱਤ ਵਿਚ ਭਾਈ ਮਨੀ ਸਿੰਘ ਜੀ ਨੇ ਸਵੀਕਾਰ ਕਰ ਲਿਆ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਉਨ੍ਹਾਂ ਸਮਿਆਂ ਵਿਚ ਸਿੱਖ ਸ੍ਰੀ ਦਰਬਾਰ ਸਾਹਿਬ ਵਿਖੇ ਅਜਿਹੇ ਇਕੱਠ ਕਰ, ਬੀਤੇ ਸਮੇਂ ਵਿਚ ਆਪਣੇ ਨਾਲ ਵਾਪਰੇ ਹਾਦਸਿਆਂ, ਸੰਘਰਸ਼ਾਂ ਅਤੇ ਦੁੱਖ-ਸੁਖ ਆਦਿ ਬਾਰੇ ਵਿਚਾਰਾਂ ਕਰ, ਆਪਸੀ ਸਹਿਯੋਗ ਦੇ ਆਧਾਰ 'ਤੇ ਭਵਿੱਖ ਦੀ ਰਣਨੀਤੀ ਘੜਿਆ ਕਰਦੇ ਸਨ।

ਜ਼ਕਰੀਆ ਖਾਨ ਵੱਲੋਂ ਇਕੱਠ ਕਰਨ ਦੀ ਪ੍ਰਵਾਨਗੀ ਮਿਲਦਿਆਂ ਹੀ ਭਾਈ ਮਨੀ ਸਿੰਘ ਜੀ ਨੇ ਚਾਰੇ ਪਾਸੇ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਉਹ ਦੀਵਾਲੀ 'ਤੇ ਸ੍ਰੀ ਦਰਬਾਰ ਸਾਹਿਬ ਹੁਮ-ਹੁਮਾ ਕੇ ਪੁੱਜਣ। ਇਹ ਇਕੱਠ ਕਰਨ ਪਿੱਛੇ ਭਾਈ ਸਾਹਿਬ ਦਾ ਉਦੇਸ਼ ਇਹ ਸੀ ਕਿ ਦੀਵਾਲੀ ਪੁਰ ਹੋਣ ਵਾਲੇ ਇਕੱਠ ਵਿਚ ਹੋਰ ਮੁੱਦਿਆਂ ਤੋਂ ਇਲਾਵਾ, ਖਾਲਸੇ ਵੱਲੋਂ ਦੇਸ਼ ਪੁਰ ਹੋਣ ਵਾਲੇ ਨਾਦਰਸ਼ਾਹ ਦੇ ਸੰਭਾਵਤ ਹਮਲੇ ਦੀ ਰੋਸ਼ਨੀ ਵਿਚ ਆਪਣੀ ਰਣਨੀਤੀ ਬਣਾਉਣ ਦੇ ਸੰਬੰਧ ਵਿਚ ਵੀ ਖੁੱਲ੍ਹ ਕੇ ਸੋਚ-ਵਿਚਾਰ ਕੀਤੀ ਜਾਏ ਅਤੇ ਉਸ ਨੂੰ ਅੰਤਿਮ ਰੂਪ ਦਿੱਤਾ ਜਾਏ।

ਉਧਰ ਜ਼ਕਰੀਆ ਖਾਨ ਨੇ ਪੰਜ ਹਜ਼ਾਰ ਰੁਪਏ ਕਰ ਅਦਾ ਕਰਨ ਦੀ ਸ਼ਰਤ ਲਾ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਪੰਥਕ ਇਕੱਠ ਕਰਨ ਲਈ ਤਾਂ ਕਹਿ ਦਿੱਤਾ, ਪਰ ਅਸਲ ਵਿਚ ਇਸ ਦੇ ਪਿੱਛੇ ਉਸ ਦੀ ਬਦਨੀਤੀ ਕੰਮ ਕਰ ਰਹੀ ਸੀ। ਉਸ ਦੀ ਮਨਸ਼ਾ ਇਹ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਵਾਲੀ 'ਤੇ ਹਜ਼ਾਰਾਂ ਸਿੱਖਾਂ ਦਾ ਇਕੱਠ ਹੋਵੇਗਾ। ਇਸ ਮੌਕੇ ਦਾ ਫਾਇਦਾ ਉਠਾ, ਹਨ੍ਹੇਰੀ ਰਾਤ ਵਿਚ ਸਿੱਖਾਂ ਨੂੰ ਘੇਰਨਾ ਅਤੇ ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦੇਣਾ ਮੁਗ਼ਲ ਫੌਜ ਲਈ ਅਸਾਨ ਹੋ ਜਾਵੇਗਾ। ਇਸ ਸਾਜ਼ਿਸ਼ ਨੂੰ ਕਾਮਯਾਬ ਬਣਾਉਣ ਲਈ ਉਸ ਵੱਲੋਂ ਇਹ ਰਣਨੀਤੀ ਘੜੀ ਗਈ ਕਿ ਲਖਪਤ ਰਾਏ ਫੌਜ ਲੈ ਕੇ ਸ੍ਰੀ ਅੰਮ੍ਰਿਤਸਰ ਨੇ ਨੇੜੇ, ਰਾਮਤੀਰਥ ਪੁੱਜ ਜਾਏ ਅਤੇ ਉੱਥੋਂ ਰਾਤ ਨੂੰ ਸਿੱਖਾਂ ਪੁਰ ਅਚਾਨਕ ਇਸ ਤਰ੍ਹਾਂ ਹਮਲਾ ਬੋਲ ਦੇਵੇ, ਕਿ ਸਿੱਖਾਂ ਨੂੰ ਸੰਭਲਣ ਦਾ ਮੌਕਾ ਤਕ ਨਾ ਮਿਲੇ।

ਜਦੋਂ ਕੁਝ ਸੂਹੀਆਂ ਰਾਹੀਂ ਭਾਈ ਮਨੀ ਸਿੰਘ ਜੀ ਨੂੰ ਇਸ ਸਾਜ਼ਿਸ਼ ਦਾ ਪਤਾ ਲੱਗਾ, ਤਾਂ ਉਨ੍ਹਾਂ ਝੱਟ ਹੀ ਹਰ ਪਾਸੇ ਹਰਕਾਰੇ ਦੌੜਾ ਦਿੱਤੇ, ਤਾਂ ਜੋ ਜਿੱਥੇ-ਜਿੱਥੇ ਵੀ ਸਿੱਖ ਹਨ, ਉਨ੍ਹਾਂ ਤਕ ਇਸ ਸਾਜ਼ਿਸ਼ ਦੀ ਸੂਹ ਪੁੱਜ ਜਾਏ ਤੇ ਉਹ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰਨ ਤੋਂ ਰੁਕ ਜਾਣ। ਇਸ ਉਪਰਾਲੇ ਦੇ ਬਾਵਜੂਦ ਸਾਰੇ ਸਿੱਖਾਂ ਤਕ ਖ਼ਬਰ ਨਾ ਪੁੱਜ ਸਕੀ ਤੇ ਵੱਡੀ ਗਿਣਤੀ ਵਿਚ ਸਿੱਖ ਸ੍ਰੀ ਅੰਮ੍ਰਿਤਸਰ ਪੁੱਜ ਗਏ। ਲਖਪਤ ਰਾਏ ਨੇ ਪਹਿਲਾਂ ਤੋਂ ਨਿਸ਼ਚਿਤ ਸਾਜ਼ਿਸ਼ ਅਨੁਸਾਰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਕਈ ਸਿੱਖ ਸ਼ਹੀਦ ਹੋ ਗਏ। ਫਲਸਰੂਪ ਸਿੱਖਾਂ ਦਾ ਇਕੱਠ ਨਾ ਹੋ ਸਕਿਆ।

ਭਾਈ ਮਨੀ ਸਿੰਘ ਜੀ ਨੇ ਹਾਕਮਾਂ ਦੀ ਇਸ ਕਾਰਵਾਈ ਦੇ ਵਿਰੁੱਧ ਸਖ਼ਤ ਰੋਸ ਪ੍ਰਗਟ ਕੀਤਾ ਅਤੇ ਕਿਹਾ ਕਿ ਜ਼ਕਰੀਆ ਖਾਨ ਨੇ ਫੌਜ ਭੇਜ ਕੇ ਕੇਵਲ ਵਿਸ਼ਵਾਸਘਾਤ ਹੀ ਨਹੀਂ ਕੀਤਾ, ਸਗੋਂ ਉਹ ਬੇਗੁਨਾਹਵਾਂ ਦੇ ਕਤਲ ਕਰਨ ਦੀ

ਸਾਜ਼ਿਸ਼ ਦਾ ਵੀ ਗੁਨਾਹਗਾਰ ਬਣਿਆ ਹੈ। ਉਨ੍ਹਾਂ ਦੀ ਗੱਲ ਸੁਣਨਾ ਤਾਂ ਦੂਰ ਰਿਹਾ, ਉਲਟੇ ਜ਼ਕਰੀਆ ਖਾਨ ਨੇ ਉਨ੍ਹਾਂ ਪਾਸੋਂ ਕਰ ਦੀ ਰਕਮ ਪੰਜ ਹਜ਼ਾਰ ਦੀ ਮੰਗ ਕਰ ਦਿੱਤੀ। ਭਾਈ ਮਨੀ ਸਿੰਘ ਜੀ ਨੇ ਇਹ ਆਖਦਿਆਂ ਕਰ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਸਰਕਾਰ ਆਪਣੇ ਵਾਇਦੇ ਪੁਰ ਕਾਇਮ ਨਹੀਂ ਰਹੀ ਤੇ ਇਸ ਕਾਰਨ ਉਹ ਕਰ ਮੰਗਣ ਦੀ ਹੱਕਦਾਰ ਨਹੀਂ ਰਹਿ ਗਈ।

ਭਾਈ ਮਨੀ ਸਿੰਘ ਜੀ ਦੇ ਇਸ ਉੱਤਰ ਨੂੰ ਸੁਣ ਕੇ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ। ਭਾਈ ਸਾਹਿਬ ਨੂੰ ਉਨ੍ਹਾਂ ਦੇ ਦੋ ਸਾਥੀਆਂ, ਭਾਈ ਗੁਲਜ਼ਾਰ ਸਿੰਘ ਅਤੇ ਭਾਈ ਦੀਵਾਨ ਸਿੰਘ ਸਮੇਤ ਪਕੜ ਕੇ ਲਾਹੌਰ ਲਿਜਾਇਆ ਗਿਆ।

ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਕਰ ਅਦਾ ਕਰਨ ਜਾਂ ਇਸਲਾਮ ਕਬੂਲ ਕਰਨ ਲਈ ਕਿਹਾ। ਭਾਈ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਨ੍ਹਾਂ ਦੋਹਾਂ ਸ਼ਰਤਾਂ ਵਿੱਚੋਂ ਇਕ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਇਨਕਾਰ ਤੋਂ ਬਾਅਦ ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਸ਼ਹੀਦ ਕਰਨ ਅਤੇ ਕਾਜ਼ੀ ਨੇ ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟਣ ਅਤੇ ਉਨ੍ਹਾਂ ਦੇ ਸਾਥੀ ਦੀਵਾਨ ਸਿੰਘ ਨੂੰ ਚੀਰਨ ਤੇ ਭਾਈ ਗੁਲਜ਼ਾਰ ਸਿੰਘ ਨੂੰ ਅਸਹਿ ਤਸੀਹੇ ਦੇਣ ਦਾ ਹੁਕਮ ਦੇ ਦਿੱਤਾ।

ਇਤਿਹਾਸ ਅਨੁਸਾਰ ਜਦੋਂ ਜੱਲਾਦ ਨੇ ਭਾਈ ਜੀ ਦੀ ਬਿਰਧ ਅਵਸਥਾ ਵੇਖਦਿਆਂ ਸਰੀਰ ਦੇ ਕੇਵਲ ਕੁਝ ਹਿੱਸੇ ਹੀ ਕੱਟਣੇ ਚਾਹੇ, ਤਾਂ ਭਾਈ ਸਾਹਿਬ ਨੇ ਉਸ ਨੂੰ ਆਪਣੇ ਮਾਲਕ ਦਾ ਹੁਕਮ ਵਜਾਣ ਲਈ ਕਿਹਾ। ਸੋ ਪਹਿਲਾਂ ਉਂਗਲੀਆਂ ਦੇ ਪੋਟੇ ਕੱਟੇ ਗਏ, ਫਿਰ ਹਥੇਲੀ ਤੇ ਗੁਟ ਆਦਿ। 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ:

> ਪਹਿਲੇ ਉਂਗਲੀਓਂ ਪੋਟੇ ਕਟਾਏ, ਫਿਰ ਮਧ ਗੰਢੋਂ ਬੰਦ ਛੁਡਾਏ॥੪੬॥ ਫਿਰ ਉਂਗਲੀ ਤਿਈ ਵਾਰ ਕਟਾਈ, ਫਿਰ ਪੌਂਚੇ ਸੁ ਬੀਣੀ ਛੁਡਾਈ। ਚੰਡਾਲ ਚਾਹੇ ਫਿਰ ਮੋਢਿਯੋਂ ਲਹਾਈ, ਮਨੀ ਸਿੰਘ ਦਈ ਕੂਹਨੀ ਅੜਾਈ ॥੪੭॥ ਕੂਹਣੀ ਕਟਾਇ ਫਿਰ ਮੋਢਿਯੋਂ ਲਹਾਈ, ਸੱਜੀ ਕਟਾਇ ਫਿਰ ਖੱਬੀ ਫੜਾਈ। ਤਿਸ ਦੀ ਪੋਟਯੋਂ ਬੰਦ ਕਟਾਯੋ, ਗਠ ਗਠ ਉਂਗਲ ਗੁਠੋ ਬਢਾਯੋ॥੪੮॥

ਇਧਰ ਬੰਦ-ਬੰਦ ਕਟੇ ਜਾ ਰਹੇ ਸਨ ਤੇ ਉਧਰ ਭਾਈ ਸਹਿਬ ਅਡੋਲ ਹੋ 'ਸੁਖਮਨੀ ਸਾਹਿਬ' ਦਾ ਪਾਠ ਕਰ ਰਹੇ ਸਨ। 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ :

> 'ਸਿੰਘ ਜੀ ਮੁਖ ਗੁਰ ਪੜ੍ਹਤੋ ਬਾਨੀ, ਨਹਿ ਕੁਛ ਪੀੜ ਦੇਹ ਉਨ ਜਾਨੀ। ... ਪਾਠ ਸੁਖਮਨੀ ਮੁਖੋ ਉਚਰੈ, ਨਹਿ ਕਿਛੁ ਜਨਮੈ ਨਹਿ ਕਿਛੁ ਮਰੈ'।

ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੇ ਸਿੱਖਾਂ ਵਿਚ ਭਾਰੀ ਰੋਹ ਪੈਦਾ ਕਰ ਦਿੱਤਾ। ਇਸ ਦਾ ਕਾਰਨ ਇਹ ਸੀ ਕਿ ਭਾਈ ਮਨੀ ਸਿੰਘ ਜੀ ਇਕ ਅਜਿਹੀ ਧਾਰਮਿਕ ਸ਼ਖ਼ਸੀਅਤ ਸਨ, ਜਿਸ ਦਾ ਹਰ ਸਿੱਖ ਸਤਿਕਾਰ ਕਰਦਾ ਸੀ। ਇਸ ਦੇ ਨਾਲ ਹੀ ਭਾਈ ਮਨੀ ਸਿੰਘ ਜੀ ਉਨ੍ਹਾਂ ਦੇ ਮਾਰਗ-ਦਰਸ਼ਕ ਵੀ ਸਨ। ਭਾਈ ਸਾਹਿਬ ਦਾ ਭਤੀਜਾ ਭਾਈ ਅਘੜ ਸਿੰਘ, ਭਾਈ ਸਾਹਿਬ ਦੀ ਸ਼ਹਾਦਤ ਬਾਰੇ ਸੁਣਦਿਆਂ ਹੀ, ਇਤਨਾ ਗੁੱਸੇ ਵਿਚ ਆ ਗਿਆ ਕਿ ਉਸ ਨੇ ਝੱਟ ਸ੍ਰੀ ਅੰਮ੍ਰਿਤਸਰ ਪੁੱਜ ਉੱਥੋਂ ਦੇ ਹਾਕਮ ਅਬਦੁਲ ਰਜ਼ਾਕ ਪੁਰ ਹਮਲਾ ਕਰ ਉਸ ਨੂੰ ਥਾਂ 'ਤੇ ਹੀ ਮਾਰ ਮੁਕਾਇਆ ਅਤੇ ਨਾਲ ਹੀ ਭਾਈ ਜੀ ਵਿਰੁੱਧ ਫਤਵਾ ਦੇਣ ਵਾਲੇ ਕਾਜ਼ੀ ਨੂੰ ਵੀ ਜਾ ਥਾਂ ਰੱਖਿਆ।

ਸ਼ਹੀਦੀ ਦਿਹਾੜਾ 16 ਜੁਲਾਈ

# ਭਾਈ ਤਾਰੂ ਸਿੰਘ ਦੇ ਵਾਰਸ

-ਡਾ. ਜਸਵੰਤ ਸਿੰਘ

ਭਾਰਤੀ ਪਰੰਪਰਾ ਦੇ ਹੀ ਨਹੀਂ ਬਲਕਿ ਵਿਸ਼ਵ ਦੇ ਪੁਰਾਤਨ ਇਤਿਹਾਸ ਤੇ ਨਜ਼ਰ ਮਾਰਦਿਆਂ ਸਹਿਜੇ ਹੀ ਸਾਨੂੰ ਨਜ਼ਰੀਂ ਆਵੇਗਾ ਕਿ ਵਿਸ਼ਵ ਵਿਚ ਹੋ ਚੁੱਕੀਆਂ ਵੱਡੀਆਂ ਸ਼ਖ਼ਸੀਅਤਾਂ ਜਿਨ੍ਹਾਂ ਨੇ ਸਮੇਂ-ਸਮੇਂ ਸਮਾਜ ਨੂੰ ਨਵੀਆਂ ਸੇਧਾਂ ਦਿੱਤੀਆਂ ਉਹ ਸਾਰੇ ਕੇਸਾਧਾਰੀ ਹੋਏ ਹਨ। ਕਿਉਂਕਿ ਵੱਡੇ ਆਦਰਸ਼ਾਂ ਵਿਚ ਉਹੀ ਮਨੁੱਖ ਜੀਅ ਸਕਦਾ ਹੈ ਜੋ ਕੁਦਰਤ ਦੇ ਗੂੜ ਰਹੱਸਾਂ ਨੂੰ ਸਮਝਦਾ ਹੈ। ਸਾਮੀ ਧਰਮਾਂ ਦੀ ਲੜੀ ਵਿਚ ਹੋ ਚੁੱਕੇ ਪੈਗ਼ੰਬਰ ਹਜ਼ਰਤ ਮੂਸਾ ਤੋਂ ਲੈ ਕੇ ਹਜ਼ਰਤ ਈਸਾ ਦੀਆਂ ਤਸਵੀਰਾਂ ਨੂੰ ਦੇਖਦਿਆਂ ਉਨ੍ਹਾਂ ਦੇ ਸਾਬਤ-ਸੂਰਤ ਚਿਹਰਿਆਂ ਤੋਂ ਆਪ-ਮੁਹਾਰੇ ਅੰਦਾਜ਼ਾ ਹੁੰਦਾ ਹੈ ਕਿ ਸਾਡੇ ਭਾਰਤੀ ਰਿਸ਼ੀਆਂ ਵਾਂਗ ਉਸ ਧਰਤੀ ਦੇ ਵਡੇਰੇ ਵੀ ਸਾਬਤ ਸੂਰਤ ਕੇਸਾਂ ਵਾਲੇ ਸਨ, ਕਿਉਂਕਿ ਧਾਰਮਿਕ ਗ੍ਰੰਥਾਂ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਮਨੁੱਖ ਨੂੰ ਪਰਮਾਤਮਾ ਨੇ ਆਪਣੇ ਵਰਗਾ ਹੀ ਬਣਾਇਆ ਹੈ। ਮਨੁੱਖੀ ਸੁਭਾਅ ਹੈ ਕਿ ਇਹ ਸਮਾਂ ਪਾ ਕੇ ਆਪਣੇ ਪੁਰਖਿਆਂ ਦੇ ਬਚਨਾਂ ਤੋਂ ਨਾਬਰ ਹੋ ਕੇ ਆਪਣੇ ਬਣਾਏ ਛੋਟੇ ਆਦਰਸ਼ਾਂ ਵਿਚ ਜ਼ਿੰਦਗੀ ਜਿਊਣ ਨੂੰ ਹੀ ਆਖਰੀ ਸੱਚ ਸਮਝਣ ਲੱਗਦਾ ਹੈ ਅਜਿਹਾ ਵਿਸ਼ਵ ਦੇ ਹਰ ਇਕ ਧਰਮ ਵਿਚ ਵੇਖਣ ਨੂੰ ਮਿਲਦਾ ਹੈ।

ਇਸੇ ਹੀ ਤਰ੍ਹਾਂ ਜੇ ਸਿੱਖ ਪੰਥ ਦੀ ਗੱਲ ਕਰੀਏ ਤਾਂ ਇਸ ਦਾ ਆਗਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਅਕਾਲ ਪੁਰਖ ਦੇ ਭੈਅ ਵਿਚ ਰਹਿਣ ਦਾ ਮਾਰਗ ਦਰਸਾਇਆ ਜਿਸ ਕਾਰਨ ਗੁਰੂ ਸਾਹਿਬ ਜਿੱਥੇ ਵੀ ਗਏ ਉੱਥੇ ਹੀ ਆਪਣੇ ਉਪਦੇਸ਼ਾਂ ਵਿਚ ਲੋਕਾਈ ਨੂੰ ਸਾਬਤ-ਸੂਰਤ ਰਹਿਣ ਦੀ ਤਾਕੀਦ ਕੀਤੀ। ਅਜਿਹਾ ਹੀ ਉਨ੍ਹਾਂ ਤੋਂ ਬਾਅਦ ਸਿੱਖ ਗੁਰੂ ਸਾਹਿਬਾਨ ਜੀ ਦੇ ਆਦਰਸ਼ਾਂ ਵਿਚ ਦੇਖਣ ਨੂੰ ਮਿਲਦਾ ਹੈ। ਦਸਮ ਪਿਤਾ ਨੇ ਖਾਲਸੇ ਦੀ ਸਿਰਜਣਾ ਸਮੇਂ ਕੇਸਾਂ ਨੂੰ ਕਕਾਰ ਵਿਚ ਸ਼ਾਮਿਲ ਕਰ ਕੇ ਹਮੇਸ਼ਾਂ ਲਈ ਖਾਲਸੇ ਨੂੰ ਕੇਸਾਧਾਰੀ ਰਹਿਣ ਦਾ ਪ੍ਰਣ ਦ੍ਰਿੜ੍ਹ ਕਰਵਾਇਆ। ਸਿੱਖ ਪੰਥ ਵਿਚ ਕੇਸਾਂ ਦੀ ਬੜੀ ਮਹਾਨਤਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵਡਹੰਸ ਰਾਗ ਵਿਚ ਪਰਮਾਤਮਾ ਦੇ ਸਰੂਪ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥
ਸੋਹਣੇ ਨਕ ਜਿਨ ਲੰਮੜੇ ਵਾਲਾ ॥ (ਅੰਗ, ੫੬੭)

ਗੁਰਬਾਣੀ ਵਿਚ ਇਸ ਬਾਬਤ ਪੰਜਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ:

ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥ (ਅੰਗ, ੧੦੮੪)

ਸਾਡਾ ਸਾਰਿਆਂ ਦਾ ਫ਼ਰਜ਼ ਹੈ ਕਿ ਸਾਡੇ ਜੋ ਨੌਜਵਾਨ ਵੀਰ ਸਿੱਖੀ ਦੇ ਰਾਹ ਤੋਂ ਭਟਕ ਚੁੱਕੇ ਹਨ ਉਨ੍ਹਾਂ ਨੂੰ ਵਾਪਸ ਆਪਣੇ ਘਰ ਲਿਆਈਏ। ਅਜਿਹੇ ਸਿੱਖ ਨੌਜਵਾਨਾਂ/ਪਾਠਕਾਂ ਨਾਲ ਮੈਂ ਇਕ-ਦੋ ਘਟਨਾਵਾਂ ਜੋ ਮੈਂ ਇੱਥੇ ਸਾਂਝੀਆਂ ਕਰ ਰਿਹਾ ਹਾਂ, ਜਿਹੜੇ ਸਿੱਖ ਨੌਜਵਾਨਾਂ ਨੇ ਕੇਸਾਂ ਨੂੰ ਤਿਲਾਂਜਲੀ ਦੇ ਚੁੱਕੇ ਹਨ ਉਨ੍ਹਾਂ ਸਾਡੇ ਸਿੱਖ ਨੌਜਵਾਨਾਂ ਲਈ ਕੇਸ ਰੱਖਣ ਪ੍ਰਤੀ ਪ੍ਰੇਰਨਾ-ਸ੍ਰੋਤ ਸਿੱਧ ਹੋ ਸਕਦੀਆਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਿਚ ਐਮ. ਏ. ਧਰਮ ਅਧਿਐਨ ਕਰਦਿਆਂ ਮੈਨੂੰ ਅਤੇ ਮੇਰੇ ਦੋ ਹੋਰ ਸਹਿਪਾਠੀਆਂ ਸ. ਸੁਖਪਾਲ ਸਿੰਘ ਅਤੇ ਸ. ਜੋਗਿੰਦਰ ਸਿੰਘ ਨੂੰ ਸੰਨ ੨੦੦੮ ਵਿਚ ਜੂਨ ਦੀਆਂ ਛੁੱਟੀਆਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਬਿਹਾਰ

ਵਿਚ ਉਦਾਸੀਆਂ ਦੇ ਜੋ ਕੁਝ ਅਸਥਾਨ ਹੁੰਦੇ ਸਨ, ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਪ੍ਰੋਜੈਕਟ ਦਿੱਤਾ ਗਿਆ। ਇਸ ਸਮੇਂ ਦੌਰਾਨ ਸਾਨੂੰ ਬਿਹਾਰ ਵਿਚ ਅਲੱਗ-ਅਲੱਗ ਥਾਵਾਂ 'ਤੇ ਜਾਣ ਅਤੇ ਵੱਖ-ਵੱਖ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ, ਜਿਸ ਦਾ ਸਾਰਾ ਵੇਰਵਾ ਅਸੀਂ ਆਪਣੇ ਕੋਲ ਇਕੱਤਰ ਕਰਦੇ ਰਹੇ ਅਤੇ ਬਾਅਦ ਵਿਚ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਿਚ ਸੰਬੰਧਿਤ ਨੁਮਾਇੰਦਿਆਂ ਨੂੰ ਇਹ ਵੇਰਵਾ ਜਮ੍ਹਾਂ ਕਰਵਾ ਦਿੱਤਾ ਸੀ। ਇਸ ਸਮੇਂ ਦੌਰਾਨ ਸਾਨੂੰ ਬਿਹਾਰ ਦੇ ਇਕ ਪਿੰਡ ਲਛਮੀਪੁਰ (ਸਰਦਾਰ ਨਗਰ) ਜਾਣ ਦਾ ਮੌਕਾ ਮਿਲਿਆ ਜਿਹੜਾ ਕਿ ਕਟਿਹਾਰ ਜ਼ਿਲ੍ਹੇ ਵਿਚ ਕੜਾਹਗੋਲਾ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੈ। ਜਦੋਂ ਅਸੀਂ ਇਸ ਪਿੰਡ ਪੁੱਜੇ ਤਾਂ ਅਸੀਂ ਹੈਰਾਨ ਸਾਂ ਕਿ ਅਜਿਹਾ ਪਿੰਡ ਤੇ ਪੰਜਾਬ ਵਿਚ ਵੀ ਨਹੀਂ ਹੋਵੇਗਾ, ਕਿਉਂਕਿ ਉਸ ਪਿੰਡ ਦੇ ਜਿੰਨੇ ਵੀ ਨੌਜਵਾਨ ਦੇਖੇ ਸਾਰੇ ਹੀ ਸਾਬਤ-ਸੂਰਤ ਸਨ। ਇਸ ਤੋਂ ਇਲਾਵਾ ਸਾਰੇ ਪਿੰਡ ਦਾ ਗੁਰਬਾਣੀ ਨਾਲ ਪ੍ਰੇਮ ਦੇਖ ਕੇ ਸਾਡੀ ਆਤਮਾ ਤ੍ਰਿਪਤ ਹੋ ਗਈ। ਸਾਡੇ ਵੱਲੋਂ ਪੁੱਛਣ 'ਤੇ ਪਤਾ ਲੱਗਾ ਕਿ ਇਹ ਇਕ ਇਤਿਹਾਸਿਕ ਨਗਰ ਹੈ, ਇਸ ਨਗਰ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ ਤੇ ਉਨ੍ਹਾਂ ਨੇ ਇਸ ਨਗਰ ਨੂੰ ਸਿੱਖੀ ਦੀ ਦਾਤ ਬਖਸ਼ੀ ਸੀ, ਜਿਸ ਨੂੰ ਉਨ੍ਹਾਂ ਲੋਕਾਂ ਨੇ ਹੁਣ ਤਕ ਬਾਖੂਬੀ ਸਾਂਭਿਆ ਹੋਇਆ ਹੈ।

ਕੁਝ ਦਿਨ ਉੱਥੇ ਰਹਿਣ ਕਾਰਨ ਸਾਡਾ ਉਨ੍ਹਾਂ ਨਾਲ ਗੁਰਸਿੱਖਾਂ ਵਾਲਾ ਪ੍ਰੇਮ ਬਣ ਗਿਆ। ਇਕ ਦਿਨ ਅਸੀਂ ਅਚਾਨਕ ਨਗਰ ਦੇ ਪਤਵੰਤਿਆਂ ਨੂੰ ਇਹ ਗੱਲ ਪੁੱਛੀ ਕਿ ਤੁਹਾਡੇ ਨਗਰ ਵਿਚ ਅਜਿਹਾ ਕੋਈ ਨੌਜਵਾਨ ਨਹੀਂ ਜੋ ਬਿਨਾਂ ਕੇਸਾਂ ਤੋਂ ਹੋਵੇ? ਤਾਂ ਉਨ੍ਹਾਂ ਨੇ ਅੱਗੋਂ ਨੀਵੀਂ ਪਾ ਲਈ ਤਾਂ ਸਾਨੂੰ ਇੰਝ ਮਹਿਸੂਸ ਹੋਇਆ ਜਿਵੇਂ ਅਸੀਂ ਕੋਈ ਗ਼ਲਤ ਸਵਾਲ ਪੁੱਛ ਬੈਠੇ ਹਾਂ, ਤਾਂ ਥੋੜਾ ਰੁਕ ਕੇ ਇਕ ਸੱਜਣ ਨੇ ਦੱਸਿਆ ਕਿ ਅਜਿਹੀ ਕੁਰਹਿਤ ਹੁਣ ਤਕ ਇੱਕ ਹੀ ਨੌਜਵਾਨ ਨੇ ਕੀਤੀ ਸੀ। ਜਿਸ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਉਹ ਨੌਜਵਾਨ ਪੰਜਾਬ ਗਿਆ ਸੀ ਅਤੇ ਉਸ ਨੂੰ ਇੱਥੇ ਇਹ ਪਤਾ ਲੱਗਾ ਕਿ ਗੁਰਸਿੱਖਾਂ ਦੇ ਘਰਾਂ ਵਿਚ ਜਨਮ ਲੈ ਕੇ ਵੀ ਪੰਜਾਬੀ ਨੌਜਵਾਨ ਕੇਸਾਂ ਤੋਂ ਬਿਨਾਂ ਰਹਿ ਰਹੇ ਹਨ ਅਤੇ ਉਸ ਦੀ ਮੱਤ ਉੱਤੇ ਵੀ ਪਰਦਾ ਪੈ ਗਿਆ ਅਤੇ ਉਸ ਨੇ ਸਾਡੇ ਨਗਰ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਕਲੰਕਿਤ ਕਰ ਦਿੱਤਾ। ਪਰੰਤੂ ਜਿਉਂ ਹੀ ਉਹ ਨੌਜਵਾਨ ਪੰਜਾਬ ਤੋਂ ਪਤਿਤ ਹੋ ਕੇ ਪਿੰਡ ਦੀ ਜੂਹ ਵਿਚ ਵੜਨ ਲੱਗਾ ਤਾਂ ਪਿੰਡ ਦੇ ਨੌਜਵਾਨਾਂ ਨੇ ਉਸ ਨੂੰ ਫੜ ਕੇ ਉਸ ਦਾ ਮਾਂਜਾ ਲਾਹਿਆ ਅਤੇ ਬਾਅਦ ਵਿਚ ਉਹ ਨੌਜਵਾਨ ਪਿੰਡ ਦੇ ਪਤਵੰਤਿਆਂ ਨੂੰ ਨਾਲ ਲੈ ਕੇ ਉਸ ਦੇ ਘਰ ਗਏ ਅਤੇ ਉਨ੍ਹਾਂ ਦੇ ਸਾਰੇ ਪਰਵਾਰ ਨੂੰ ਪਿੰਡ ਛੱਡ ਕੇ ਜਾਨ ਲਈ ਸ਼ਾਮ ਤਕ ਦਾ ਸਮਾਂ ਦਿੱਤਾ। ਫਿਰ ਗੁਰੂ ਸਾਹਿਬ ਦੀ ਕਿਰਪਾ ਨਾਲ ਉਸ ਨੌਜਵਾਨ ਨੇ ਭੁੱਲ ਬਖ਼ਸ਼ਾਈ ਅਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਭਰੋਸਾ ਦਿਵਾਇਆ। ਪੂਰੀ ਗੱਲ ਸੁਣ ਕੇ ਪੰਜਾਬ ਦਾ ਨਾਂ ਸੁਣ ਕੇ ਸਾਡੀਆਂ ਨੀਵੀਆਂ ਪੈ ਗਈਆਂ, ਪਰੰਤੂ ਇਸ ਗੱਲ ਦੀ ਸਮਾਪਤੀ 'ਤੇ ਉਨ੍ਹਾਂ ਸਾਰਿਆਂ ਦੀਆਂ ਅੱਖਾਂ ਵਿਚ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦੀ ਖਾਸ ਚਮਕ ਸੀ। ਅਜਿਹਾ ਤਾਂ ਪੰਜਾਬ ਦੇ ਹਰ ਪਿੰਡ ਦਾ ਦ੍ਰਿਸ਼ ਹੋਣਾ ਚਾਹੀਦਾ ਸੀ। ਪਰ ਅਫਸੋਸ ਪੰਜਾਬ ਦੇ ਨੌਜਵਾਨਾਂ ਨੇ ਕੇਸਾਂ ਨੂੰ ਤਿਲਾਂਜਲੀ ਤਾਂ ਦਿੱਤੀ ਹੀ ਹੈ ਅਤੇ ਨਾਲ ਹੀ ਨਸ਼ੇ, ਫੁਕਰਪੁਣਾ, ਝੂਠੀ ਐਸ਼ਪ੍ਰਸਤੀ ਵਿਚ ਆਪਣਾ ਜੀਵਨ ਤਬਾਹ ਕਰ ਰਹੇ ਹਨ। ਲਛਮੀਪੁਰ (ਬਿਹਾਰ) ਵਰਗੇ ਨਗਰ ਨਿਵਾਸੀ ਜਿੱਥੇ ਗੁਰੂ ਦੀ ਬਖ਼ਸ਼ਿਸ਼ ਦੇ ਪਾਤਰ ਹਨ, ਉੱਥੇ ਵਧਾਈ ਦੇ ਵੀ ਹੱਕਦਾਰ ਹਨ ਜਿਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਦੇ ਆਦਰਸ਼ਾਂ 'ਤੇ ਚਲਦਿਆਂ ਹੋਇਆਂ ਸਾਨੂੰ ਭਾਈ ਤਾਰੂ ਸਿੰਘ ਜੀ ਦੀ ਨਿੱਘੀ ਯਾਦ ਦਿਵਾਈ ਹੈ ਜਿਨ੍ਹਾਂ ਨੇ ਕੇਸਾਂ ਨਾਲ ਪਿਆਰ ਦਿਖਾਉਂਦਿਆਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਅਸੀਂ ਮਹਿਸੂਸ ਕੀਤਾ ਕਿ ਭਾਈ ਤਾਰੂ ਸਿੰਘ ਦੇ ਅਸਲ ਵਾਰਸ ਤਾਂ ਇਹ ਗੁਰਸਿੱਖ ਹਨ।

ਮੈਂ ਅਜਿਹੀ ਹੀ ਇਕ ਹੋਰ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ ਜੋ ਪੰਜਾਬ ਤੋਂ ਬਾਹਰ ਜੰਮੂ-ਕਸ਼ਮੀਰ ਦੀ ਹੈ। ਜਦੋਂ ਪਿਛਲੇ ਸਮੇਂ ਵਿਚ ਪੰਜਾਬ ਦੇ ਨੌਜਵਾਨ ਜੰਮੂ ਵਿਚ ਬੀ.ਐੱਡ. ਕਰਨ ਜਾਂਦੇ ਸਨ ਤਾਂ ਅਜਿਹਾ ਇਕ ਸਿੱਖ ਪਰਵਾਰ ਨਾਲ ਸਬੰਧਿਤ ਨੌਜਵਾਨ ਜੋ ਸਿਰ 'ਤੇ ਤਾਂ ਦਸਤਾਰ ਸਜਾਉਂਦਾ ਸੀ, ਪਰ ਦਾੜ੍ਹੀ ਦੇ ਕੇਸ ਕਤਲ ਕਰਦਾ ਸੀ, ਉਸ ਨਾਲ ਸਾਡੀ ਇਕ ਵਾਰ ਮੁਲਾਕਾਤ ਹੋਈ। ਉਸ ਨੇ ਦੱਸਿਆ ਕਿ ਜੰਮੂ ਵਿਖੇ ਬੀ.ਐੱਡ. ਕਰਨ ਦੌਰਾਨ ਮੈਂ ਇਕ

ਦਿਨ ਛੁੱਟੀ ਵਾਲੇ ਦਿਨ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਗਿਆ ਤਾਂ ਸਮਾਗਮ ਦੀ ਸਮਾਪਤੀ ਤੋਂ ਬਾਅਦ ਇਕ ਬੀਬੀ ਨੇ ਮੈਨੂੰ ਪੁੱਛਿਆ ਕਿ, ਤੁਸੀਂ ਕਿੱਥੋਂ ਆਏ ਹੋ? ਤਾਂ ਮੈਂ ਬੜੇ ਮਾਣ ਨਾਲ ਕਿਹਾ ਕਿ ਪੰਜਾਬ ਤੋਂ! ਤਾਂ ਉਹ ਬੀਬੀ ਕਹਿਣ ਲੱਗੀ ਕਿ, ਤੁਹਾਨੂੰ ਵੇਖ ਕੇ ਹੀ ਅੰਦਾਜ਼ਾ ਲਾ ਲਿਆ ਸੀ, ਕਿਉਂਕਿ ਸਾਡੇ ਇੱਥੋਂ ਦੇ ਨੌਜਵਾਨ ਤਾਂ ਸਾਰੇ ਸਾਬਤ ਸੂਰਤ ਹਨ, ਉਹ ਤਾਂ ਅਜੇ ਗੁਰੂ ਤੋਂ ਬੇਮੁਖ ਨਹੀਂ ਹੋਏ! ਉਹ ਨੌਜਵਾਨ ਕਹਿੰਦਾ ਕਿ ਮੈਂ ਬੜਾ ਸ਼ਰਮਿੰਦਾ ਹੋਇਆ ਕਿ ਅਸੀਂ ਪੰਜਾਬ ਵਿਚ ਰਹਿ ਕੇ ਹੀ ਗੁਰੂ ਸਾਹਿਬਾਨ ਦੇ ਆਦਰਸ਼ਾਂ ਨੂੰ ਤਿਲਾਂਜਲੀ ਦੇ ਚੁੱਕੇ ਹਾਂ ਜਦਕਿ ਪੰਜਾਬ ਤੋਂ ਬਾਹਰ ਬੈਠੇ ਗੁਰਸਿੱਖਾਂ ਨੇ ਸਿੱਖ ਪਰੰਪਰਾਵਾਂ ਵਿਚ ਜਿਊਣ ਨੂੰ ਹੀ ਆਪਣੀ ਜ਼ਿੰਦਗੀ ਦਾ ਮਰਕਜ਼ ਮੰਨਿਆ ਹੈ। ਮੈਂ ਸੁਣਿਆ ਵੀ ਹੈ ਅਤੇ ਦੇਖਣ ਵਿਚ ਵੀ ਆਇਆ ਹੈ ਕਿ ਹਜ਼ੂਰ ਸਾਹਿਬ, ਨਾਂਦੇੜ ਅਤੇ ਇਸ ਦੇ ਲਾਗਲੇ ਇਲਾਕਿਆਂ ਵਿਚ ਰਹਿੰਦੇ ਸਿੱਖ ਪਰਵਾਰਾਂ ਦੇ ਬੱਚੇ ਵੀ ਕਦੇ ਕੇਸ ਕਤਲ ਨਹੀਂ ਕਰਵਾਉਂਦੇ ਅਤੇ ਉਨ੍ਹਾਂ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖ਼ਸ਼ੀ ਸਿੱਖੀ ਨੂੰ ਸਾਂਭ ਕੇ ਰੱਖਿਆ ਹੈ। ਪੰਜਾਬ ਦੀ ਤਾਂ ਹਾਲਤ ਇਸ ਪੱਖੋਂ ਇਕ ਅਦੀਬ ਦੇ ਕਹਿਣ ਅਨੁਸਾਰ

ਇਹ ਹੋਈ ਪਈ ਹੈ :

ਬੜੇ ਸ਼ੌਂਕ ਸੇ ਸੁਨ ਰਹਾ ਥਾ ਜ਼ਮਾਨਾ ਹਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ।

ਸੋ ਵਿਚਾਰਨ ਵਾਲੀ ਗੱਲ ਹੈ ਕਿ ਪੰਜਾਬ ਤੋਂ ਬਾਹਰਲੇ ਸਾਰੇ ਸੂਬਿਆਂ ਵਿਚ ਸਿੱਖ ਨੌਜਵਾਨ ਕੇਸਾਂ 'ਤੇ ਮਾਣ ਕਰਦੇ ਹਨ, ਪਰ ਪੰਜਾਬ ਦੇ ਨੌਜਵਾਨ ਦੀ ਜ਼ਿੰਦਗੀ ਜਿਊਣ ਦੀਆਂ ਦਿਸ਼ਾਵਾਂ ਫੋਕੇ ਦਿਖਾਵੇ ਵਿਚ ਹੀ ਉਲਝ ਕੇ ਰਹਿ ਗਈਆਂ ਹਨ।

ਕੇਸਾਂ ਨੂੰ ਤਿਲਾਂਜਲੀ ਤੋਂ ਬਾਅਦ ਹੁਣ ਇਹ ਨਸ਼ਿਆਂ ਵੱਲ ਵਧ ਰਿਹਾ ਹੈ। ਹਥਿਆਰਾਂ, ਗੁੰਡਾਗਰਦੀ ਅਤੇ ਗੈਂਗਸਟਰ ਕਲਚਰ ਨੇ ਪੰਜਾਬ ਦੀ ਸ਼ਾਂਤੀ, ਖੁਸ਼ਹਾਲੀ ਨੂੰ ਨੇਸਤ-ਓ-ਨਾਬੂਦ ਕਰ ਦਿੱਤਾ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਵੀ ਹੈ ਕਿ ਅਜੋਕੇ ਭੁੱਲੜ ਨੌਜਵਾਨਾਂ ਨੇ ਪੰਜਾਬ ਦੀ ਧਰਤੀ ਜੋ ਗੁਰੂ ਸਾਹਿਬਾਨ ਦੀ ਸਿੱਖਿਆਵਾਂ ਦੀ ਖ਼ੁਸ਼ਬੂ ਨੂੰ ਵਿਸ਼ਵ ਵਿਚ ਫੈਲਾਉਣਾ ਸੀ ਉਹ ਆਪ ਹੀ ਦਿਸ਼ਾਹੀਣ ਹੋ ਕੇ ਕੇਵਲ ਆਪਣੀ ਜ਼ਿੰਦਗੀ ਹੀ ਤਬਾਹ ਨਹੀਂ ਕਰ ਰਹੇ, ਸਗੋਂ ਪੰਜਾਬ ਹੀ ਨਹੀਂ ਸਗੋਂ ਇੱਥੋਂ ਦੇ ਨੌਜਵਾਨ ਜੋ ਵਿਦੇਸ਼ਾਂ ਵਿਚ ਜਾ ਰਹੇ ਹਨ, ਆਪਣੇ ਮਨ ਦੇ ਛੋਟੇ ਉਲਾਰਾਂ ਕਾਰਨ, ਬਲਕਿ ਉਸ ਧਰਤੀ ਨੂੰ ਵੀ ਗੰਧਲਾ ਕਰ ਰਹੇ ਹਨ। ਸੋ ਜੇ ਅਸੀਂ ਭਾਈ ਤਾਰੂ ਸਿੰਘ ਜੀ ਨੂੰ ਸਮਰਪਿਤ ਸ਼ਤਾਬਦੀ ਮਨਾ ਰਹੇ ਹਾਂ ਤਾਂ ਸਾਡਾ ਫਰਜ਼ ਹੈ ਕਿ ਬੜੇ ਹੀ ਪ੍ਰੇਮ, ਸਤਿਕਾਰ ਅਤੇ ਸਮਰਪਿਤ ਭਾਵਨਾ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਭਾਈ ਤਾਰੂ ਸਿੰਘ ਜੀ ਦੇ ਜੀਵਨ ਦੇ ਉੱਚੇ ਆਦਰਸ਼ਾਂ ਨਾਲ ਸਾਂਝ ਪੁਆਈਏ ਅਤੇ ਗੁਰੂ ਸਾਹਿਬਾਨ ਅਨੁਸਾਰ ਦੱਸੇ ਹੋਏ ਮਾਰਗ 'ਤੇ ਚੱਲ ਕੇ ਸਿੱਖ ਸਮਾਜ ਦੀ ਪੁਨਰ-ਸੁਰਜੀਤੀ ਲਈ ਯਤਨਸ਼ੀਲ ਹੋਈਏ! ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੀ ਵਾਪਸ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਨਿਰਮਲ ਪੰਥ ਦਾ ਅਟੁੱਟ ਅੰਗ ਬਣ ਕੇ ਹਲਤ-ਪਲਤ ਸੰਵਾਰਨ।

(ਗੁਰਮਤਿ ਪ੍ਰਕਾਸ਼ ਵਿਚੋਂ ਧੰਨਵਾਦ ਸਹਿਤ)

31 ਜੁਲਾਈ ਨੂੰ ਸ਼ਹੀਦੀ ਦਿਹਾੜੇ ਮੌਕੇ

# ਜਿਨ੍ਹਾਂ ਧਰਮ ਨਹੀਂ ਹਾਰਿਆ

ਸ. ਗੁਰਮੀਤ ਸਿੰਘ

ਸੰਘਰਸ਼ ਧਰਮ ਤੇ ਇਖਲਾਕ ਕੇਵਲ ਗਿਆਨ ਗੋਸ਼ਟੀ ਤੀਕ ਹੀ ਰਾਖਵੇਂ ਨਹੀਂ ਹਨ ਬਲਕਿ ਸਥਾਪਿਤ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਹਿੱਤ ਆਪਾ ਕੁਰਬਾਨ ਕਰ ਦੇਣ ਦਾ ਨਾਮ ਹੈ। ਗੁਰੂ ਨਾਨਕ ਸਾਹਿਬ ਨੂੰ ਜਦੋਂ ਸਿੱਧਾਂ ਨੇ ਉਦਾਸੀਆਂ ਦਾ ਮਕਸਦ ਪੁੱਛਿਆ ਤਾਂ ਪਾਤਸ਼ਾਹ ਦਾ ਜਵਾਬ ਸੀ ਗੁਰਮੁਖਿ ਖੋਜਤ ਭਏ ਉਦਾਸੀ ਇਹ ਤਲਖ ਹਕੀਕਤ ਹੈ ਤੇ ਸਿੱਖ ਧਰਮ ਦੀ ਵਿਲੱਖਣਤਾ ਵੀ ਕਿ ਸਿੱਖ ਗੁਰੂ ਸਾਹਿਬਾਨ ਦੁਆਰਾ ਘੜ੍ਹੀ ਸ਼ਬਦ ਦੀ ਸੱਚੀ ਟਕਸਾਲ ਦੀ □□□ ਸਾਲਾਂ ਦੀ ਘਾਲਣਾ ਨਾਲ ਜਦੋਂ ਗੁਰਮੁਖ/ਆਦਰਸ਼ਕ ਮਨੁੱਖ ਨੇ ਸਤਿਗੁਰ ਆਗੈ ਸੀਸੁ ਭੇਟ ਦੇਉ ਦੀ ਅਗੰਮੀ ਪ੍ਰੀਖਿਆ ਪਾਸ ਕਰ ਲਈ ਤਾਂ ਸੰਤ-ਸਿਪਾਹੀ ਦੇ ਰੂਪ ਵਿਚ ਖਾਲਸੇ ਦੀ ਪਦਵੀ ਨੂੰ ਪ੍ਰਾਪਤ ਹੋਏ। ਇਸੇ ਖਾਲਸੇ ਨੂੰ ਮਾਣ ਪ੍ਰਾਪਤ ਹੋਇਆ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਅਤੇ ਨਿਆਸਰਿਆਂ ਦਾ ਆਸਰਾ ਬਣਨ ਦਾ। ਲੇਕਿਨ ਇਸ ਮੁਕਾਮ ਤੀਕ ਪੁੱਜਣ ਲਈ ਖਾਲਸੇ ਨੂੰ ਅਸਹਿ ਤੇ ਅਕਹਿ ਤਸੀਹੇ ਸਹਾਰਦਿਆਂ ਸ਼ਹਾਦਤਾਂ ਵੀ ਦੇਣੀਆਂ ਪਈਆਂ ਤੇ ਉਸ ਨੇ ਹਰ ਕੁਰਬਾਨੀ ਨੂੰ ਖਿੜੇ ਮੱਥੇ ਸਹਾਰਿਆ ਵੀ। ਤੇਰਾ ਭਾਣਾ ਮੀਠਾ ਲਾਗੇ ਤੋਂ ਤੇਰਾ ਕੀਆ ਮੀਠਾ ਲਾਗੇ ਤੀਕ ਦਾ ਸਫਰ ਹੀ ਸਿੱਖ ਕੌਮ ਵਿਚ ਸ਼ਹਾਦਤ ਅਤੇ ਸੰਤ-ਸਿਪਾਹੀ ਦੇ ਜਾਹਿਰਾ ਮਾਰਗ ਦਾ ਮੁੱਢ ਬੰਨਦਾ ਹੈ । ਸੰਤ ਸਿਪਾਹੀ ਦੇ ਇਸ ਅਦੁੱਤੀ ਮਾਰਗ 'ਤੇ ਚੱਲਣ ਵਾਲੇ ਅਣਗਿਣਤ ਸਿੱਦਕਵਾਨ ਸਿੰਘ-ਸਿੰਘਣੀਆਂ ਤੇ ਭੁਝੰਗੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅਸੀਂ ਨਿਤ ਪ੍ਰਤੀ ਦੀ ਅਰਦਾਸ ਵਿਚ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ,... ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ'... ਦਾ ਧਿਆਨ ਧਰ ਕੇ ਵਾਹਿਗੁਰੂ ਉਚਾਰਦੇ ਹਾਂ।

ਨਾਨਕ ਨਿਰਮਲ ਪੰਥ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਆਗਮਨ ੧੪੬੯ ਈ. ਤੋਂ ਲੈ ਕੇ ਦਸਮੇਸ਼ ਪਿਤਾ ਦੇ ਜੋਤੀ ਜੋਤ ਸਮਾਉਣ ੧੭੦੮ ਈ. ਤਕ ਅਤੇ ਇਸ ਤੋਂ ਬਾਅਦ ਦੇ ਸਿੱਖ ਸੰਘਰਸ਼, ਸਿੱਖ ਰਾਜ, ਦੇਸ਼ ਵੰਡ ਅਤੇ ਹੁਣ ਤੀਕ ਦਾ ਤਕਰੀਬਨ ਸਾਢੇ ਪੰਜ ਸੌ ਸਾਲਾਂ ਦਾ ਇਹ ਵਿਲੱਖਣ ਇਤਿਹਾਸ ਹੈ। ਜਿੱਥੇ ਸਿੱਖੀ ਦੀ ਅਮਰਵੇਲ ਨੂੰ ਚੰਬੜੇ ਗੰਗੂਆਂ ਤੇ ਚੰਦੂਆਂ ਅਤੇ ਇਨ੍ਹਾਂ ਦੀਆਂ ਸਲਾਹਾਂ 'ਤੇ ਬਾਬਰ, ਜਹਾਂਗੀਰ, ਔਰੰਗਜ਼ੇਬ ਅਤੇ ਇੰਦਰਾ ਵਰਗੇ ਜਾਬਰ ਸਿੱਖੀ ਦੇ ਬੂਟੇ ਨੂੰ ਮਸਲਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ। ਉੱਥੇ ਇਸ ਸਭ ਦੇ ਬਾਵਜੂਦ ਵੀ ਇਹ ਬੂਟਾ ਹਰਿਆ-ਭਰਿਆ ਰਿਹਾ ਹੈ ਕਿਉਂਕਿ ਸਮੁੱਚੀ ਮਨੁੱਖਤਾ ਨੂੰ ਇਕ ਆਦਰਸ਼ਕ ਇਨਸਾਨ ਬਣਨ ਦੀ ਪ੍ਰੇਰਨਾ ਦੇਣ ਵਾਲੇ ਇਸ ਦੇ ਪਾਲਣਹਾਰੇ ਗੁਰੂ ਸਾਹਿਬਾਨ ਨੇ ਜੀਵਨ ਦੇ ਉੱਚ ਆਦਰਸ਼ਾਂ ਖਾਤਰ ਖ਼ੁਦ ਨੂੰ ਕੁਰਬਾਨ ਕਰਨ ਤੋਂ ਗੁਰੇਜ਼ ਨਹੀ ਕੀਤਾ।

ਪੰਜਵੇਂ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਮੁਗ਼ਲਾਂ ਦੇ ਰਾਜਸੀ ਹੰਕਾਰ ਦੇ ਵਿਰੋਧ ਵਿਚ ਅਤੇ ਆਪਣੇ ਪੁਰਖਿਆਂ ਦੁਆਰਾ ਉਚਾਰੀ ਬਾਣੀ ਦੇ ਅਦਬ ਸਤਿਕਾਰ ਖਾਤਰ ਸ਼ਹਾਦਤ ਦੇਣ ਵਾਲੇ ਪਹਿਲੇ ਗੁਰੂ ਹਨ। ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਅੰਤਮ ਸਮੇਂ ਗੁਰਸਿੱਖੀ ਮਾਰਗ ਦੀ ਜ਼ਿੰਮੇਵਾਰੀ ਪ੍ਰਤੀ ਬਚਨ ਕਹੇ ਸਨ 'ਬਾਬਾ ਬਕਾਲਾ' (ਭਾਵ ਅਗਲਾ ਗੁਰੂ ਬਾਬਾ ਬਕਾਲੇ ਵਿਖੇ ਹੈ) । ਬਾਬਾ ਬਕਾਲਾ ਵਿਖੇ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਵਿਚ ਲੀਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਨੁੱਖੀ ਹੱਕਾਂ ਦੀ ਰਾਖੀ ਲਈ ਸੀਸ ਦੇ ਕੇ ਆਪਣੇ ਪੁਰਖਿਆਂ

ਦੁਆਰਾ ਚਲਾਈ ਸ਼ਹਾਦਤ ਦੀ ਪਰੰਪਰਾ ਨੂੰ ਅੱਗੇ ਤੋਰਿਆ। ਸਨਾਤਨੀ ਮਤ ਅਨੁਸਾਰ ਪਹਿਨਾਏ ਜਾਣ ਵਾਲੇ ਜਨੇਊ ਨੂੰ ਨਾਂਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੋਟੀ ਉਮਰ ਵਿਚ ਹੀ ਕਰ ਦਿੱਤੀ ਸੀ, ਲੇਕਿਨ ਕਸ਼ਮੀਰੀ ਪੰਡਿਤਾਂ ਦਾ ਜਬਰੀ ਜਨੇਊ ਲਾਹੇ ਜਾਣ ਦੀ ਵਿਰੋਧਤਾ ਜਿਤਾਉਂਦਿਆਂ ਤੇ ਧਰਮ ਦੀ ਅਜ਼ਾਦੀ ਬਹਾਲ ਰੱਖਣ ਖਾਤਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਸੀਸ ਦਿੱਤਾ ਸੀ, ਜਿਨ੍ਹਾਂ ਦੇ ਦੋ ਪੋਤਰੇ ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਧਰਮ ਖਾਤਰ ਚਮਕੌਰ ਦੇ ਮੈਦਾਨ ਵਿਚ ਦੁਸ਼ਮਣਾਂ ਨਾਲ ਲੜਦਿਆਂ ਸ਼ਹੀਦ ਹੋਏ ਅਤੇ ਦੋ ਪੋਤਰੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਧਰਮ ਛੱਡਣ ਦੀ ਬਜਾਇ ਜਿਊਂਦੇ ਨੀਂਹਾਂ ਵਿਚ ਚਿਣੇ ਜਾਣਾ ਕਬੂਲ ਕੀਤਾ। ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰੇ ਪੋਤਰਿਆਂ ਨੂੰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਵਜੋਂ ਪ੍ਰਵਾਨ ਕਰਦਿਆਂ ਸਤਿਕਾਰ ਕੀਤਾ ਜਾਂਦਾ ਹੈ। ਪਹਿਲਾਂ ਪਿਤਾ, ਫਿਰ ਪੁੱਤਰ, ਮਾਤਾ ਅਤੇ ਫਿਰ ਜਾਨ ਤੋਂ ਪਿਆਰੇ ਅਣਗਿਣਤ ਸਿੰਘਾਂ ਨੂੰ ਪੰਥ ਦੀ ਖਾਤਰ ਕੁਰਬਾਨ ਕਰਨ ਉਪਰੰਤ ਵੀ ਪਰਮ ਪੁਰਖ ਦੀ ਰਜ਼ਾ ਵਿਚ ਰਹਿਣ ਵਾਲੇ ਦਸਮੇਸ਼ ਪਿਤਾ ਦਾ ਧਰਮ ਚਲਾਵਨ ਸੰਤ ਉਭਾਰਨ ਦਾ ਮਿਸ਼ਨ ਜਾਰੀ ਰਹਿੰਦਾ ਹੈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਹਾਸਲ ਕਰ ਪੰਜਾਬ 'ਚੋਂ ਮੁਗ਼ਲ ਰਾਜ ਦੀਆਂ ਜੜ੍ਹਾਂ ਉਖਾੜਨ ਅਤੇ ਖਾਲਸਾ ਰਾਜ ਦੀ ਸਥਾਪਨਾ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਸਾਹਿਬਾਨ ਅਤੇ ਗੁਰੂ ਪਰਵਾਰ ਤੋਂ ਬਾਅਦ ਪਹਿਲਾ ਕੌਮੀ ਸੂਰਬੀਰ ਯੋਧਾ ਤੇ ਸਿੱਖ ਆਗੂ ਹੈ। ਸਿੱਖ ਕੌਮ ਦੀ ਅੱਡਰੀ, ਨਿਆਰੀ ਹਸਤੀ ਅਤੇ ਵਿੱਲਖਣ ਹੋਂਦ-ਹਸਤੀ ਬਰਕਰਾਰ ਰੱਖਣ, ਆਪਣੇ ਗੁਰਧਾਮਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਣ-ਮਰਯਾਦਾ ਕਾਇਮ ਰੱਖਣ ਲਈ ਆਪਾ ਵਾਰਨ ਵਾਲੇ ਕੌਮ ਦੇ ਅਜਿਹੇ ਜਾਂਬਾਂਜ਼ ਸਿੱਖਾਂ ਦੀ ਫਰਿਸਤ ਕਾਫੀ ਲੰਮੀ ਹੈ। ਬੰਦ-ਬੰਦ ਕਟਵਾ ਕੇ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਭਾਈ ਮਨੀ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਲਈ ਸੀਸ ਤਲੀ 'ਤੇ ਟਿਕਾ ਕੇ ਲੜਨ ਵਾਲੇ ੮੦-ਸਾਲਾ ਬਜ਼ੁਰਗ ਬਾਬਾ ਦੀਪ ਸਿੰਘ ਜੀ, ਖੋਪੜੀ ਲੁਹਾ ਕੇ ਸਿੱਖੀ ਕਾਇਮ ਰੱਖਣ ਵਾਲੇ ਭਾਈ ਤਾਰੂ ਸਿੰਘ ਜੀ, ਸਿੱਖੀ ਸਿਦਕ ਲਈ ਦੇਗ ਵਿਚ ਉਬਾਲੇ ਜਾਣ ਵਾਲੇ ਭਾਈ ਦਿਆਲਾ ਜੀ, ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਸ਼ਹਾਦਤਾਂ ਪਾਉਣ ਵਾਲੇ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ, ਬਾਬਾ ਨੌਧ ਸਿੰਘ, ਬਾਬਾ ਗੁਰਬਖਸ਼ ਸਿੰਘ, ਖਾਲਸੇ ਦੀ ਹੋਂਦ ਬਰਕਰਾਰ ਰੱਖਣ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਆਦਿ ਸਾਡੇ ਲਈ ਅਤਿ ਸਤਿਕਾਰ ਯੋਗ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਖਾਲਸਾ ਰਾਜ ਦੀ ਕੀਤੀ ਸਥਾਪਨਾ ਤੋਂ ਲੈ ਕੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨੂੰ ਸਥਾਪਿਤ ਕਰਨ ਵਿਚ ਬਾਬਾ ਅਕਾਲੀ ਫੂਲਾ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਬਾਬਾ ਬਘੇਲ ਸਿੰਘ ਕਰੋੜਸਿੰਘੀਆ ਜਿਹੇ ਫੌਲਾਦੀ ਮਰਦ ਅਤੇ ਵਡੇਰੀ ਉਮਰ ਦੇ ਯੋਧਿਆਂ ਵਰਤਮਾਨ ਦੌਰ ਦੇ ਸ਼ਹੀਦਾਂ ਦੀ ਦੇਣ ਨੂੰ ਕਦੇ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਸਿੱਖ ਸਿਧਾਂਤਾਂ, ਗੁਰਧਾਮਾਂ ਤੇ ਗੁਰੂ ਗ੍ਰੰਥ ਸਾਹਿਬ ਦੀ ਰਾਖੀ ਅਤੇ ਮਾਣ ਮਰਯਾਦਾ ਖਾਤਰ ਜੂਝਣ ਵਾਲੇ ਸਮੁੱਚੇ ਸਿੱਦਕੀ, ਸਿਰੜੀ ਕੌਮੀ ਸ਼ਹੀਦਾਂ ਦੀ ਲਾਸਾਨੀ ਦਾਸਤਾਂ ਅੱਜ ਵੀ ਸਾਡਾ ਮਾਰਗ-ਦਰਸ਼ਨ ਕਰਦੀ ਹੈ ਤੇ ਕਰਦੀ ਰਹੇਗੀ !

# ਮਾਂਗਨਾ ਮਾਂਗਨੁ ਨੀਕਾ

ਡਾ. ਜਸਵੰਤ ਸਿੰਘ ਨੇਕੀ

ਮਨੁੱਖ ਸਦੀਵਕਾਲ ਤੋਂ ਲੋੜਾਂ-ਥੁੜਾਂ ਮਾਰਿਆ ਹੈ। ਇਸੇ ਕਾਰਨ ਉਸਦਾ ਸਦਾ ਦੂਜਿਆਂ ਤੇ ਨਿਰਭਰ ਰਹਿੰਦਾ ਹੈ। ਉਹ ਦੂਜਿਆਂ ਪਾਸੋਂ ਆਸਰਾ ਭਾਲਦਾ ਹੈ, ਉਪਜੀਵਕਾ ਪ੍ਰਾਪਤ ਕਰਦਾ ਹੈ, ਸੁਰੱਖਿਆ ਲੱਭਦਾ ਹੈ, ਇਥੋਂ ਤਕ ਕਿ ਵਿਚਾਰ ਤੇ ਸਾਹਸ ਵੀ ਦੂਜਿਆਂ ਪਾਸੋਂ ਹੀ ਭਾਲਦਾ ਹੈ। ਇਸ ਨਾਤੇ ਮਨੁੱਖ ਸਦਾ ਮੰਗਤ ਹੈ। ਪਰ, ਜਦ ਉਹ ਮੰਗਣ ਨਿਕਲਦਾ ਹੈ ਤਾਂ ਉਸ ਨੂੰ ਪ੍ਰਤੀਤ ਆਉਂਦੀ ਹੈ ਕਿ ਜਿਨ੍ਹਾਂ ਪਾਸੋਂ ਉਹ ਮੰਗਣ ਤੁਰਿਆ ਹੈ, ਉਹ ਤਾਂ ਉਸ ਵਾਂਗੂੰ ਹੀ, ਆਪ ਵੀ ਮੰਗਤ ਹਨ। ਇਸ ਲਈ ਕਈ ਵਾਰ ਸੋਚਦਾ ਹੈ, ਇਹਨਾਂ ਪਾਸੋਂ ਕੀ ਮੰਗਣਾ ਹੈ।

ਐਸਾ ਇਹਸਾਸ ਜਾਗਣ ਨਾਲ ਉਹ ਪਰਮ ਦਾਤਾਰ ਵਾਹਿਗੁਰੂ ਜੀ ਵਲ ਪਰਤਦਾ ਹੈ ਤੇ ਉਸ ਅੱਗੇ ਆਪਣੀ ਯਾਚਨਾ-ਝੋਲੀ ਅੱਡਦਾ ਹੈ, ਕਿਉਂਕਿ ਉਹ ਕੇਵਲ ਦੇਂਦਾ ਹੀ ਨਹੀਂ, ਦੇ ਕੇ ਕਦੇ ਪਛਤਾਉਂਦਾ ਵੀ ਨਹੀਂ। (...ਦੇਹਿ ਨ ਪਛੋਤਾਇ) ਸਿੱਖ ਨੂੰ ਐਸੇ 'ਇਕ ਦਾਤਾਰ' ਪਾਸੋਂ ਮੰਗਣ ਦੀ ਤਾਕੀਦ ਹੈ। ਹੋਰਨਾਂ ਪਾਸੋਂ ਮੰਗਦਿਆਂ ਉਸ ਨੂੰ ਲਾਜ ਨਾਲ ਮਰਨਾ ਪੈਂਦਾ ਹੈ। (ਹਉ ਮਾਗਉ ਆਨ ਲਜਾਵਉ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥), (ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥ ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥ ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥)

ਪਰ, ਉਸ ਪਾਸੋਂ ਮੰਗੀਏ ਕੀ? ਉਹ ਤਾਂ ਜੋ ਚਾਹੋ ਦੇ ਦੇਂਦਾ ਹੈ। (ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ॥) ਕਿਰਸ ਨਹੀਂ ਕਰਦਾ। ਅਸੀਂ ਮੰਗਣ ਲਗਿਆਂ ਕਿਰਸ ਕਰ ਬਹਿੰਦੇ ਹਾਂ । ਕਹਿੰਦੇ ਹਨ ਇਕ ਰਾਜਾ ਕਿਸੇ ਬੰਦੇ ਉਪਰ ਪ੍ਰਸੰਨ ਹੋ ਗਿਆ ਤੇ ਕਹਿਣ ਲੱਗਾ, "ਮੰਗ ਲੈ ਜੋ ਮੰਗਣਾ ਈ।" ਉਹ ਬੰਦਾ ਕਈ ਦਿਨ ਦਾ ਭੁੱਖਾ ਸੀ, ਕਹਿਣ ਲੱਗਾ, "ਇਕ ਪਰਾਤ ਹਲਵੇ ਦੀ ਦੇ ਦਿਓ।" ਰਾਜੇ ਪਾਸੋਂ ਐਸੀ ਨਿਗੂਣੀ ਮੰਗ ਮੰਗਣੀ ਉਸ ਦਾ ਅਪਮਾਨ ਕਰਨਾ ਹੈ। ਫਿਰ ਕੀ 'ਰਾਜਨ ਕੇ ਰਾਜਾ, ਮਹਾਰਾਜਨ ਕੇ ਮਹਾਰਾਜਾ' ਪਾਸੋਂ ਨਿਗੂਣੀਆਂ ਮੰਗਾਂ ਮੰਗਣੀਆਂ ਸੋਭਦੀਆਂ ਹਨ? ਬਦਕਿਸਮਤੀ ਦੀ ਗੱਲ ਇਹ ਹੈ ਕਿ ਅਸੀਂ ਬਹੁਤੀ ਵਾਰ ਐਸੀਆਂ ਨਿਗੂਣੀਆਂ ਵਸਤਾਂ ਦੀ ਮੰਗ ਕਰਦੇ ਹਾਂ ਜੋ ਸਾਡੇ ਬੰਧਨ ਦਾ ਕਾਰਨ ਬਣਦੀਆਂ ਹਨ। ਅਸੀਂ ਕਮਾਈ ਮੰਗਦੇ ਹਾਂ, ਮਿਲਖ ਧਨ ਮੰਗਦੇ ਹਾਂ, ਧੀ-ਪੁੱਤ ਮੰਗਦੇ ਹਾਂ, ਸੰਸਾਰਕ ਕਾਮਯਾਬੀਆਂ ਮੰਗਦੇ ਹਾਂ, ਸਿਹਤ-ਯਾਬੀਆਂ ਮੰਗਦੇ ਹਾਂ, ਸੋਭਾ ਵਡਿਆਈ ਮੰਗਦੇ ਹਾਂ, ਪਦਵੀ ਮਰਾਤਬੇ ਮੰਗਦ ਹਾਂ। ਪਰ ਐਸਾ ਕੁਝ ਨਹੀਂ ਮੰਗਦੇ ਜਿਸ ਦੇ ਮੰਗਿਆਂ ਮੁੜ ਕਦੇ ਮੰਗਣ ਦੀ ਲੋੜ ਨ ਰਹੇ। ਐਸੀ ਵਸਤ ਤਾਂ ਕੇਵਲ ਵਾਹਿਗੁਰੂ ਦਾ ਨਾਮ, ਉਸ ਦੀ ਸਿਫ਼ਤ-ਸਲਾਹ ਹੈ। ਇਹੋ ਚੰਗਾ ਮੰਗਣ ਹੈ। ਇਹੋ ਦਾਨਾਂ ਸਿਰ ਦਾਨ ਹੈ। ਮਤਾਂ ਅਸੀਂ ਆਪਣੀਆਂ ਨਿਗੂਣੀਆਂ ਮੰਗਾਂ ਵਿਚ ਉਲਝ ਕੇ ਨਾਮ ਦੀ ਦਾਤ ਮੰਗਣੀ ਭੁੱਲ ਜਾਈਏ, ਇਸ ਲਈ ਇਹ ਮੰਗ ਅਰਦਾਸ ਦੇ ਰਚੈਤਿਆਂ ਨੇ ਅਰਦਾਸ ਵਿਚ ਅਗਾਊਂ ਹੀ ਸ਼ਾਮਿਲ ਕਰ ਦਿੱਤੀ ਹੈ। ਇਸ ਦੇ ਨਾਲ ਹੀ ਰਹਿਤ, ਆਚਰਨ ਤੇ ਕੌਮੀ ਸਾਂਝ ਨਾਲ ਲਗਦੇ ਉਹ ਦਾਨ ਵੀ ਮੰਗ ਲਏ ਹਨ, ਜਿਨ੍ਹਾਂ ਨਾਲ ਨਾਮ ਪ੍ਰਪੱਕ ਹੁੰਦਾ ਹੈ। ਐਸੇ ਦਾਨ ਹਨ: (੧) ਸਿੱਖੀ ਦਾਨ, (੨) ਕੇਸ ਦਾਨ, (੩) ਰਹਿਤ ਦਾਨ, (੪) ਬਿਬੇਕ ਦਾਨ, (੫) ਵਿਸਾਹ ਦਾਨ, (੬) ਕਰੋਸਾ ਦਾਨ, ਤੇ (੭) ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ। ਐਸੇ ਦਾਨ ਮੰਗਣ ਨਾਲ ਹੀ "ਧਰਮ ਕਾ ਜੈਕਾਰ" ਹੁੰਦਾ ਹੈ।

# ਗੁਰਮਤਿ ਖੜ੍ਹੀ ਐ ਸੱਚ ਦੇ ਪੱਖ ਵਿਚ

ਗਿਆਨੀ ਸੰਤ ਸਿੰਘ ਮਸਕੀਨ

ਗੁਰਮਤਿ ਨੂੰ ਸਾਹਮਣੇ ਰੱਖ ਲੈਣਾ, ਅਨਮਤਿ ਨੂੰ ਸਾਹਮਣੇ ਰੱਖ ਲੈਣਾ; ਫਿਰ ਸਚਾਈ ਨੂੰ ਖੋਜਣਾ ਕਿ ਸੱਚ ਕੀ ਐ? ਸੱਚ ਦੇ ਪੱਖ ਵਿਚ ਅਨਮਤਿ ਖੜ੍ਹਾ ਹੈ ਜਾਂ ਗੁਰਮਤਿ ਖੜੀ ਐ। ਜਿਵੇਂ ਗੁਰਮਤਿ ਕਹਿੰਦੀ ਏ, ਧੂਮਰਪਾਨ ਬੱਜਰ ਕੁਰਹਿਤ ਹੈ। ਇਹਦੇ ਨਾਲ ਸਿੱਖ ਪਤਿਤ ਹੋ ਜਾਂਦਾ ਹੈ । ਧੂਮਰਪਾਨ, ਧੂੰਆਂ ਪੀਣਾ। ਮੈਂ ਹੈਰਾਨ ਹਾਂ; ਐਹ ਤ੍ਰਿਗਦ ਤੋਂ ਤ੍ਰਿਗਦ ਜਿਹੜੀਆਂ ਜੂਨਾਂ ਹਨ, ਉਹਨਾਂ ਨੂੰ ਕਹੋ ਧੂੰਆਂ ਪੀਣ। ਧੂੰਆਂ ਸੂਅਰ ਨਹੀਂ ਪੀਂਦਾ, ਧੂੰਆਂ ਖੋਤਾ ਨਹੀਂ ਪੀਂਦਾ, ਧੂੰਆਂ ਕੁੱਤਾ ਨਹੀਂ ਪੀਂਦਾ। ਪਸ਼ੂ ਵੀ ਦੁੱਧ ਤਾਂ ਪੀਂਦੇ ਨੇ, ਪਾਣੀ ਵੀ ਪੀਂਦੇ ਨੇ। ਗੁਸਤਾਖ਼ੀ ਮੁਆਫ਼, ਧੂੰਆਂ ਕੇਵਲ ਬੰਦੇ ਹੀ ਪੀਂਦੇ ਨੇ, ਮਨੁੱਖ ਪੀਂਦੇ ਨੇ, ਪਸ਼ੂ ਨਹੀਂ ਪੀਂਦੇ। ਪਸ਼ੂ ਵੀ ਸਿਆਣੇ ਨੇ ਪਈ ਧੂੰਆਂ ਕੋਈ ਪੀਣ ਦੀ ਚੀਜ਼ ਆ? ਧੂੰਆਂ ਕੀ ਪੀਣੈ ! ਪਾਣੀ ਪੀਤਾ ਜਾ ਸਕਦਾ ਹੈ, ਦੁੱਧ ਪੀਤਾ ਜਾ ਸਕਦਾ ਹੈ। ਧੂੰਆਂ! ਧੂਮਰਪਾਨ! ਹੱਦ ਹੋ ਗਈ! ਧੂੰਆਂ ਪੀਣ ਦੀ ਕੋਈ ਚੀਜ਼ ਐ! ਗਲੇ ਦਾ ਕੈਂਸਰ, ਫੇਫੜਿਆਂ ਦਾ ਕੈਂਸਰ ਤੇ ਹੋਰ ਸੈਂਕੜੇ ਰੋਗ। ਅੱਜ ਸਾਇੰਸ ਇਸ ਦੀ ਤਸਦੀਕ ਪਈ ਕਰਦੀ ਹੈ। ਤਿੰਨ ਸੌ ਸਾਲ ਪਹਿਲੇ ਕਲਗੀਧਰ ਪਾਤਸ਼ਾਹ ਨੇ ਇਸ ਨੂੰ ਬੱਜਰ ਕੁਰਹਿਤ ਕਰਾਰ ਦੇ ਦਿੱਤਾ, ਪਈ ਉਹ ਸਿੱਖ ਹੀ ਨਹੀਂ ਜੇਕਰ ਇਸ ਦਾ ਪਾਨ ਕਰਦਾ ਹੈ। ਇਸ ਨੂੰ ਜੇ ਪੀਂਦਾ ਹੈ। ਇਹ ਮੈਂ ਇਕ ਨਿੱਕਾ ਜਿਹਾ ਉਦਾਹਰਣ ਦਿੱਤਾ ਹੈ। ਉਂਜ ਬਹੁਤ ਸਾਰੇ ਉਦਾਹਰਣ ਹਨ ਇਸ ਦੇ ਸੰਬੰਧ ਵਿੱਚ।

# ਸੋ ਕਹੀਏ ਅਕਾਲੀ

ਡਾ. ਇੰਦਰਜੀਤ ਸਿੰਘ ਗੋਗੋਆਣੀ

ਸੰਸਾਰ ਵਿਚ ਰਹਿੰਦਿਆਂ ਗਿਆਨ ਪ੍ਰਾਪਤੀ ਦੇ ਫ਼ਲਸਫ਼ੇ ਨੂੰ ਬਿਆਨ ਕਰਦਾ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

(ਧਨਾਸਰੀ ਮਹਲਾ ੧, ਅੰਗ ੬੬੧)

ਕੱਲ੍ਹ ਈ ਕਿਸੇ ਨੇ ਸਵਾਲ ਕੀਤਾ ਕਿ ਅਕਾਲੀ ਕੌਣ ਐਂ?

ਮੈਂ ਕਿਹਾ, "ਅਕਾਲੀ ਤੋਂ ਭਾਵ ਅਕਾਲ ਦਾ ਉਪਾਸ਼ਕ ਜਾਂ ਕਹਿ ਲਓ ਵਾਹਿਗੁਰੂ ਜੀ ਕਾ ਖ਼ਾਲਸਾ ਐ।" ਗੱਲ ਕੀ ਗੁਰਮਤਿ ਅਨੁਸਾਰੀ ਜੀਵਨ ਜਾਚ ਵਾਲਾ ਹਰ ਗੁਰਸਿੱਖ ਅਕਾਲੀ ਐ, ਕਿਉਂਕਿ ਗੁਰੂ ਸਾਹਿਬਾਂ ਨੇ ਹਰ ਸਿੱਖ ਨੂੰ ਅਕਾਲ ਦੇ ਲੜ ਲਾਇਆ। ਇਸ ਲਈ ਹਰ ਤਰ੍ਹਾਂ ਦੇ ਭਰਮਾਂ-ਕਰਮਾਂ ਤੋਂ ਮੁਕਤ, ਬਾਣੀ-ਬਾਣੇ ਦਾ ਧਾਰਨੀ, ਗੁਰੂ ਗ੍ਰੰਥ ਤੇ ਪੰਥ ਨੂੰ ਸਮਰਪਿਤ ਸਿੱਖ ਹੀ ਅਕਾਲੀ ਏ। ਮਹਾਨ ਕੋਸ਼ 'ਚ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਐਸੇ ਅਕਾਲੀ ਦੀ ਸਿਫ਼ਤ ਇਉਂ ਬਿਆਨ ਕੀਤੀ ਐ :

ਕਮਲ ਜਯੋਂ ਮਾਯਾ ਜਲ ਵਿਚ ਹੈ ਅਲੇਪ ਸਦਾ,
ਸਭ ਦਾ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ।
ਕਰ ਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,
ਭਾਣੇ ਵਿਚ ਵਿਪਦਾ ਨੂੰ ਮੰਨੇ ਖ਼ੁਸ਼ਹਾਲੀ ਹੈ।
ਸ੍ਵਾਰਥ ਤੋਂ ਬਿਨਾਂ ਗੁਰੁਦ੍ਵਾਰਿਆਂ ਦਾ ਚੌਂਕੀਦਾਰ,
ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ।
ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ,
ਸਿੱਖ ਦਸਮੇਸ਼ ਦਾ ਸੋ ਕਹੀਏ 'ਅਕਾਲੀ' ਹੈ। (ਮਹਾਨ ਕੋਸ਼, ਪੰਨਾ ੩੬)

ਇਹ ਸੁਣ ਕੇ ਇਕ ਸੱਜਣ ਬੋਲ ਉਠਿਆ ਕਿ ਜੇ ਹਰ ਸਿੱਖ, ਅਕਾਲ ਦਾ ਉਪਾਸ਼ਕ ਐ ਤਾਂ ਕੁਝ ਸਿੱਖ, ਗੁਰਮਤਿ ਗਾਡੀ ਰਾਹ ਛੱਡ ਕੇ ਪਗਡੰਡੀਆਂ 'ਤੇ ਕਿਉਂ ਤੁਰੇ ਫਿਰਦੇ ਨੇ ?

ਮੈਂ ਕਿਹਾ, "ਕਿਸੇ ਸਮੇਂ ਐਸਾ ਕੁਝ ਦੇਖ ਕੇ ਇਕ ਧੀ ਨੇ ਮਾਂ ਨੂੰ ਕਿਹਾ ਸੀ, ਨੀ ਮਾਂ! ਕੀਹਦੇ ਗੱਲ 'ਚ ਕੀ ਪਾਇਆ ? ਅੱਗੋਂ ਮਾਂ ਕਹਿੰਦੀ, 'ਧੀਏ! ਇਹੋ ਜਿਹੀਆਂ ਦੇ ਗਲ 'ਚ ਇਹੋ ਜਿਹੇ ਈ ਹੁੰਦੇ ਆ।' ਇਸ ਲਈ ਜੋ ਸਿੱਖ ਗੁਰਮਤਿ ਗਾਡੀ ਰਾਹ ਛੱਡ ਕੇ ਪਗਡੰਡੀਆਂ 'ਤੇ ਪਏ ਆ ਉਹ ਵੀ ਤਾਂ ਠੇਡੇ ਈ ਖਾ ਰਹੇ ਨੇ, ਠੇਡੇ ਈ ਨਹੀਂ ਖਾ ਰਹੇ, ਕੁਝ ਤਾਂ ਡੂੰਘੇ ਟੋਇਆਂ 'ਚ ਮੂਧੇ ਮੂੰਹ ਡਿੱਗੇ ਪਏ ਨੇ, ਡਿੱਗੇ ਈ ਨਹੀਂ ਸਗੋਂ ਅਗਿਆਨਤਾ ਦੇ ਚਿੱਕੜ ਨਾਲ ਲਬਰੇਜ਼ ਹਨ, ਲਬਰੇਜ਼ ਈ ਨਹੀਂ ਚਿੱਕੜ ਨਾਲ ਸਮਝੌਤਾ ਕਰੀ ਬੈਠੇ ਉਹਦੇ ਗੁਣ ਗਾਇਨ ਕਰੀ ਜਾ ਰਹੇ ਨੇ। 'ਵਾਹ ਉਏ ਕਰਮਾਂ ਦਿਆ ਬਲੀਆ, ਰਿੱਧੀ ਖੀਰ ਤੇ ਹੋ ਗਿਆ ਦਲੀਆ।'

ਸੁਣਦਿਆਂ ਸਾਰ ਜਗਿਆਸੂ ਕਹਿੰਦਾ, "ਜਦੋਂ ਖੀਰ ਰਿੰਨ੍ਹਣ ਦਾ ਤਰੀਕਾ ਈ ਭੁੱਲ ਗਏ ਤਾਂ ਦਲੀਆ ਈ ਬਣਨਾ ਸੀ, ਹੋਰ ਕੀ ਬਣਦਾ?"

ਬੱਸ-ਬੱਸ-ਬੱਸ ਇਹ ਦਲੀਆਵਾਦ ਨੇ ਕਈ ਜਗ੍ਹਾ ਸਿੱਖ ਮਾਨਸਿਕਤਾ ਨੂੰ ਦਲੀਆ ਦਲੀਆ ਕੀਤਾ ਹੋਇਆ, ਜੋ ਗੁਰੂ ਗ੍ਰੰਥ ਤੇ ਗੁਰੂ ਪੰਥ ਤੋਂ ਬੇਮੁੱਖ ਹੋਏ ਅਗਿਆਨਤਾ ਦੀ ਚੱਕੀ ਝੋਈ ਜਾਂਦੇ ਨੇ। ਸਿਰੇ ਦੀ ਗੱਲ ਕਿ ਰੱਸੀ ਨੂੰ ਸੱਪ ਉਹੀ ਸਮਝ ਬੈਠਦਾ, ਜੋ ਹਨ੍ਹੇਰੇ ਵਿਚ ਐ। ਜੀਹਦੇ ਪਾਸ ਜਗਦਾ ਦੀਵਾ ਜਾਂ ਰੌਸ਼ਨੀ ਦਾ ਪ੍ਰਬੰਧ ਹੋਵੇ ਉਹਨੂੰ ਅਸਲੀਅਤ ਦਾ ਪਤਾ ਹੁੰਦਾ, ਪਰ ਮਸਲਾ ਤਾਂ ਹਨ੍ਹੇਰੇ ਦਾ ਐ।

ਗੁਰਬਾਣੀ ਵਿਚ ਤਾਂ ਸਪੱਸ਼ਟ ਲਿਖਿਆ:

ਅੰਧਕਾਰ ਸੁਖਿ ਕਬਹਿ ਨ ਸੋਈ ਹੈ॥
ਰਾਜਾ ਰੰਕੁ ਦੋਊ ਮਿਲਿ ਰੋਈ ਹੈ॥ (ਗਉੜੀ ਕਬੀਰ ਜੀ, ਅੰਗ ੬੪੬)

ਮਸਲਾ ਤਾਂ ਇਹ ਐ ਬਾਬਿਓ ! ਕਿ ਰੌਸ਼ਨੀ ਦੇ ਪੈਰੋਕਾਰ ਕਈ ਸਿੱਖ ਵੀ ਅੰਧਕਾਰ 'ਚ ਭਟਕ ਰਹੇ ਐ ?

ਮੈਂ ਕਿਹਾ, "ਉਹੀ ਗੱਲ ਲੱਗਦੀ ਐ ਜਿਵੇਂ ਕਿਸੇ ਗੰਨਾ ਚੂਪਦੇ ਬੱਚੇ ਤੋਂ ਕੋਈ ਗੰਨਾ ਖੋਹ ਕੇ ਚਰੀ ਦਾ ਟਾਂਡਾ ਚੂਪਣ ਲਈ ਦੇ ਦੇਵੇ। ਥੋੜ੍ਹਾ ਜਿਹਾ ਪਿੱਛੇ ਇਕ ਸਦੀ ਝਾਤ ਮਾਰੋ ਤਾਂ ਸਿੰਘ ਸਭਾ ਲਹਿਰ ਵੇਲੇ ਵੀ ਸਿੱਖ ਮਾਨਸਿਕਤਾ ਵਿਚ ਐਸੀਆਂ ਹੀ ਕੁਰੀਤੀਆਂ ਕਈ ਥਾਈਂ ਘਰ ਕਰ ਗਈਆਂ ਸਨ, ਜਿਸ ਦੇ ਪ੍ਰਤੀਕਰਮ ਵਜੋਂ ਇਹ ਲਹਿਰ ਹੋਂਦ ਵਿਚ ਆਈ ਸੀ। ਉਸ ਸਮੇਂ ਐਸੇ ਸਿੱਖਾਂ ਦੀ ਹਾਲਤ ਵੇਖ ਕੇ ਗਿਆਨੀ ਦਿੱਤ ਸਿੰਘ ਜੀ ਨੇ ਲਿਖਿਆ ਸੀ:

ਕੁਝ ਅੰਨ ਦੇ, ਕੁਝ ਧਨ ਦੇ, ਕੁਝ ਪਹਾੜਾਂ ਵਾਲੀ ਰੰਨ ਦੇ। ਕੁਝ ਢੋਲ ਢਮੱਕਾ ਸਰਵਰ ਦਾ, ਕੁਝ ਹਿੜਵਸ ਬਾਬੇ ਨਾਨਕ ਦੀ।

ਇਕ ਜਗਿਆਸੂ ਝੱਟ ਬੋਲਿਆ ਕਿ ਐਸਾ ਕਿਉਂ ਵਾਪਰ ਜਾਂਦਾ ?

ਮੈਂ ਕਿਹਾ, ਭਾਈ ਸਾਰੀ ਦੁਨੀਆਂ ਚੇਤੰਨ ਨਹੀਂ ਹੁੰਦੀ, ਲਾਈਲੱਗ ਬਿਰਤੀ ਦੇ ਲੋਕ ਵੀ ਹੁੰਦੇ ਆ। ਅਨਜਾਣੇ ਵਿਚ ਇਨਸਾਨ ਗੁੰਮਰਾਹ ਵੀ ਹੋ ਜਾਂਦਾ। ਮੇਰਾ ਦਾਦਾ ਸੁਣਾਉਂਦਾ ਹੁੰਦਾ ਸੀ ਕਿ ਅਸੀਂ ਇਕ ਇਤਿਹਾਸਕ ਸਥਾਨ ’ਤੇ ਰਾਤ ਦਾ ਦੀਵਾਨ ਸੁਣਨ ਗਏ ਤੇ ਨਾਲ ਦੇਸੀ ਘਿਓ ਦੇ ਪਰੌਂਠੇ ਪਕਾ ਕੇ ਲੈ ਗਏ ਕਿ ਰਾਤ ਦਾ ਦੀਵਾਨ ਸੁਣ ਕੇ ਸੁਬਾ ਸੁਝਾ ਖਾਵਾਂਗੇ। ਸਵੇਰੇ ਜਦੋਂ ਬਾਹਰ ਪੰਗਤਾਂ ਲੱਗੀਆਂ ਤਾਂ ਸੇਵਾਦਾਰਾਂ ਦੀ ਆਵਾਜ਼ ਸੁਣੀ ਕਿ ਛਕ ਲਉ.....ਮਿੱਠੇ ਪ੍ਰਸ਼ਾਦੇ.... ਅਸੀਂ ਦੇਸੀ ਘਿਓ ਦੇ ਪਰੌਂਠੇ ਕਿਸੇ ਹੋਰ ਨੂੰ ਦੇ ਦਿੱਤੇ ਤੇ ਪੰਗਤ 'ਚ ਬੈਠ ਗਏ। ਜਦੋਂ ‘ਮਿੱਠੇ ਪ੍ਰਸ਼ਾਦੇ’ ਸਾਡੇ ਹੱਥਾਂ 'ਚ ਆਏ ਤਾਂ ਸੋਚੀਏ, ਇਹ ਕੀ ? ਲੰਗਰ ਦੀ ਬੋਲੀ ’ਚ ਬਹੇ ਪ੍ਰਸ਼ਾਦਿਆਂ ਨੂੰ ਮਿੱਠੇ ਪ੍ਰਸ਼ਾਦੇ ਕਹਿੰਦੇ ਐ। ਧਰਮ ਦੇ ਮਾਮਲੇ ’ਚ ਕਈ ਸਿੱਖ ਪਰਿਵਾਰਾਂ ਦਾ ਵੀ ਇਹੋ ਹਾਲ ਹੋਇਆ ਪਿਆ ਕਿ ਉਨ੍ਹਾਂ ਨੂੰ ਅਸਲੀਅਤ ਬਾਰੇ ਗਿਆਨ ਨਹੀਂ ਹੈ। ਫੋਕਟ ਕਰਮਾਂ ’ਚ ਲੱਗ ਜਾਂਦੇ ਹਨ।

ਪਰ ਇਹ ਅਸਲੀਅਤ ਬਾਰੇ ਗਿਆਨ ਕਿਉਂ ਨਹੀਂ ਹੋ ਰਿਹੈ ?

ਮੈਂ ਕਿਹਾ, "ਕਈਆਂ ਨੂੰ ਰਾਹ ਭੁੱਲ ਕੇ ਵੀ ਇਹ ਪਤਾ ਨਹੀਂ ਹੁੰਦਾ ਕਿ ਅਸੀਂ ਭੁੱਲੇ ਹੋਏ ਆਂ। ਆਹ ਪਿੰਡਾਂ ਦੇ ਟਰੈਕਟਰ-ਟਰਾਲੀਆਂ ਨੂੰ ਦੇਖੋ, ਟਰਾਲੀਆਂ ਦੇ ਇਕ ਪਾਸੇ ਲਾਈਨ ਲਿਖੀ ਹੁੰਦੀ ਆ, ‘ਮੇਰਾ ਰੁੱਸੇ ਨਾ ਕਲਗੀਆਂ ਵਾਲਾ ਜੱਗ ਭਾਵੇਂ ਸਾਰਾ ਰੁੱਸ ਜੇ।’ ਬਹੁਤਿਆਂ ਨੂੰ ਇਲਮ ਜਾਂ ਅਹਿਸਾਸ ਈ ਨਹੀਂ ਕਿ ਇਹ ਲਾਈਨ ਜੋੜਨ ਵਾਲੇ ਦੇ ਮਨ ਵਿਚ ਕਿੰਨੀ ਸ਼ਰਧਾ ਤੇ ਦਰਦ ਛਿਪਿਆ ਹੋਇਆ ਕਿ ਭਾਵੇਂ ਸਾਰਾ ਜੱਗ ਰੁੱਸ ਜਾਏ ਪਰ ਮੈਂ ਦਸਮ ਪਿਤਾ ਦੀ ਬਖ਼ਸ਼ਿਸ਼ ਦਾ ਪਾਤਰ ਬਣ ਕੇ ਰਹਾਂਗਾ। ਬੱਸ ਕਲਗੀਆਂ ਵਾਲੇ ਦੀਆਂ ਖੁਸ਼ੀਆਂ ਹਾਸਲ ਕਰਾਂਗਾ। ਪਰ ਕਈ ਵਾਰੀ ਉਸੇ ਟਰਾਲੀ 'ਚ ਸੰਗਤ ਬਿਠਾ ਕੇ, ਟਰੈਕਟਰ ਦਾ ਮਾਲਕ ਪੰਥਕ ਦੋਖੀਆਂ ਦੇ ਸਥਾਨਾਂ ’ਤੇ ਲਈ ਫਿਰਦਾ ਹੈ। ਉਹਨੇ ਲਿਖਿਆ ਜ਼ਰੂਰ ਐ, ਪਰ ਸਮਝ ਨਹੀਂ ਐ। ਕਈ ਸਿੱਖ ਸਿਧਾਂਤ ਨੂੰ ਛੱਡ ਕੇ ਭੇਖ ਦੇ ਪੁਜਾਰੀ ਹੋ ਗਏ ਨੇ ਤੇ ਭੇਖਵਾਦ ਕਿਸੇ ਵੀ ਧਰਮ ਫ਼ਿਲਾਸਫ਼ੀ ਲਈ ਖ਼ਤਰਨਾਕ ਹੁੰਦੈ। ਚਾਣਕਯ ਨੀਤੀ ਵਿਚ ਇਕ ਛੰਦ ਆਉਂਦਾ ਐ:

ਭੇਖ ਦੇਖ ਨਹਿ ਭੂਲੀਐ, ਜਹਾਂ ਨ ਗੁਣ ਕੋ ਨਾਮ।
ਜਿਉਂ ਘੰਟਾ ਗਲ ਗਊ ਕੇ ਦੁਧ ਬਿਨਾ ਕਿਹਾ ਕਾਮ।

ਬਈ ਕਿਸੇ ਦਾ ਭੇਖ ਵੇਖ ਕੇ ਨਾ ਭੁੱਲ ਜਾਣਾ, ਜਿਥੇ ਗੁਣ ਦਾ ਨਾਂਉਂ ਈ ਨਾ ਹੋਵੇ। ਇਹ ਤਾਂ ਇਉਂ ਹੈ ਜਿਵੇਂ ਕਿਸੇ ਗਊ ਦੇ ਗਲ ਚੰਗੀਆਂ ਚੰਗੀਆਂ ਟੱਲੀਆਂ ਬੱਧੀਆਂ ਹੋਣ ਪਰ ਜੇ ਉਹ ਦੁੱਧ ਨਾ ਦਿੰਦੀ ਹੋਵੇ ਤਾਂ ਉਹਦਾ ਸ਼ਿੰਗਾਰ ਜਾਂ ਗਊ ਕਿਸ ਕੰਮ ਐਂ !

ਜਗਿਆਸੂ ਕਹਿੰਦਾ ਕਿ ਅਕਾਲ ਦਾ ਪੁਜਾਰੀ ਫਿਰ ਸਿਰਫ਼ ਭੇਖਾਂ ਪਿੱਛੇ ਕਿਉਂ ਲੱਗ ਜਾਂਦਾ ਹੈ ?

ਮੈਂ ਕਿਹਾ ਇਹ ਗੱਲ ਪੱਕੀ ਐ ਕਿ ਕਿਸਾਨ ਨੇ ਹਮੇਸ਼ਾ ਫਸਲ ਬੀਜੀ ਐ, ਨਦੀਨ ਕਦੇ ਨਹੀਂ ਬੀਜਿਆ। ਨਦੀਨ ਹਮੇਸ਼ਾਂ ਈ ਫਸਲ ਦੀ ਓਟ ਹੇਠ ਪੈਦਾ ਹੁੰਦਾ। ਬਹੁਤੀ ਵਾਰੀ ਇਹਦੀ ਪੁੰਗਰਨੇ ਦੀ ਸ਼ਕਲ ਸੂਰਤ ਵੀ ਫਸਲ ਵਰਗੀ ਹੁੰਦੀ ਐ ਤੇ ਖਾਦ-ਪਾਣੀ ਇਹਨੇ ਨਾਲੋਂ ਨਾਲ ਲੈ ਜਾਣਾ। ਖ਼ਾਲਸਾ ਪੰਥ ਦੇ ਲਹਿਲਹਾਉਂਦੇ ਬਾਗ 'ਚ ਕਦੇ ਪ੍ਰਿਥੀਏ, ਰਾਮਰਾਈਏ, ਧੀਰ ਮੱਲੀਏ, ਨਦੀਨ ਵਾਂਗ ਉੱਗੇ—ਫਿਰ ਸੋਢੀਆਂ, ਬੇਦੀਆਂ, ਭੱਲਿਆਂ ਦੇ ਵੱਡੇ ਵਡੇਰੇ ਕਹਿ ਕੇ ਗੱਦੀਆਂ ਲੱਗੀਆਂ। ਸਮੇਂ ਸਮੇਂ ਗੁਰੂ ਪੰਥ ਨੇ ਇਹਨੂੰ ਨਦੀਨ ਕਹਿ ਕੇ ਈ ਨਕਾਰਿਆ ਤੇ ਸੰਗਤਾਂ ਸੁਚੇਤ ਹੁੰਦੀਆਂ ਰਹੀਆਂ। ਹੁਣ ਅਨਮੱਤੀਆਂ ਦਾ ਨਦੀਨ ਫਿਰ ਪੰਥ ਦੀ ਖੇਤੀ 'ਚ ਸਿਰ ਚੁੱਕ ਆਇਆ, ਸਿੱਖਾਂ ਨੂੰ ਇਸ ਦੇ ਨੁਕਸਾਨ ਪ੍ਰਤੀ ਸੁਚੇਤ ਕਰਨ ਦੀ ਲੋੜ ਐ। ਆਹ ਗਾਜਰ ਬੂਟੀ (ਕਾਂਗਰਸੀ ਘਾਹ) ਵੇਖਣ ਨੂੰ ਤਾਂ ਬਹੁਤ ਸੋਹਣਾ ਪਰ ਮਨੁੱਖਤਾ ਲਈ ਬਹੁਤ ਘਾਤਕ ਐ। ਇਸੇ ਤਰ੍ਹਾਂ ਦੇਹਧਾਰੀ ਗੁਰੂ-ਡੰਮ੍ਹ ਕਈ ਸਿੱਖਾਂ ਨੂੰ ਚੰਗਾ ਲੱਗ ਰਿਹਾ ਪਰ ਇਹ ਖ਼ਾਲਸਾ ਪੰਥ ਲਈ ਬਹੁਤ ਘਾਤਕ ਐ।

ਜਗਿਆਸੂ ਕਹਿੰਦਾ ਕਿ ਘਾਤਕ ਕਿਵੇਂ ਐਂ ?

ਮੈਂ ਕਿਹਾ, ਪਹਿਲੀ ਗੱਲ ਕਿ ਸਿੱਖ ਆਪਣੇ ਗੁਰੂ ਤੋਂ ਈ ਬੇਮੁੱਖ ਹੋ ਗਿਆ ਜਦੋਂ ਗੁਰੂ ਸਾਹਿਬ ਦਾ ਸਿਧਾਂਤ ਛੱਡ ਦਿੱਤਾ। ਜੋ ਸ਼ਬਦ ਗੁਰੂ ਤੋਂ ਟੁੱਟਿਆ ਉਹ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਗਿਆ। ਗੁਰੂ ਸਾਹਿਬ ਨੇ ਸਰੀਰਕ ਪੂਜਾ ਈ ਤਾਂ ਖ਼ਤਮ ਕੀਤੀ ਸੀ, ਕੁਝ ਸਿੱਖ ਫਿਰ ਸਰੀਰਾਂ ਦੀ ਪੂਜਾ ਤਕ ਸੀਮਤ ਹੋ ਗਏ। ਪੰਥ ਤੋਂ ਵੀ ਟੁੱਟੇ ਕਿਉਂਕਿ ਵਿਚਾਰਧਾਰਾ ਇਕ ਨਾ ਰਹੀ। ਬਾਣੀ ਤੇ ਬਾਣੇ ਤੋਂ ਟੁੱਟ ਗਏ। ਸਿੱਖ ਬੰਦਿਆਂ ਦਾ ਬੰਦਾ ਨਹੀਂ, ਅਕਾਲ ਦਾ ਬੰਦਾ ਐ। ਇਹ ਬ੍ਰਾਹਮਣਵਾਦੀ ਰੀਤਾਂ 'ਚ ਫਿਰ ਉਲਝ ਰਿਹਾ, ਇਹ ਸਧਾਰਨ ਬੰਦਿਆਂ ਦੀ ਵਿਚਾਰਧਾਰਾ ਇਸ ਨੂੰ ਫੇਰ ਅਗਿਆਨਤਾ ਦੀ ਡੂੰਘੀ ਖੱਡ 'ਚ ਲਿਜਾ ਸੁੱਟੇਗੀ। ਇਹੋ ਈ ਤਾਂ ਵਿਚਾਰਨ ਵਾਲੀ ਗੱਲ ਐ.....।

'ਅਖੇ ਟਿੰਡਾਂ ਪੱਥ ਲਾ ਜਾਣਦਾ ਮੇਰਾ ਮੱਘੀਆਂ ਦਾ ਉਸਤਾਦ' ਬਈ ਜਿਹੜੇ ਸਿੱਧੀਆਂ ਸਾਦੀਆ ਟਿੰਡਾਂ ਬਣਾਉਣ ਨਾ ਜਾਣਨ ਉਹ ਮੱਘੀਆਂ ਦੇ ਉਸਤਾਦ ਕਿਵੇਂ ਬਣ ਗਏ ? ਗੁਰਮਤਿ ਵਿਚ ਪੁਜਾਰੀਵਾਦ ਭਾਵ ਵਿਚੋਲਾਵਾਦ ਨੂੰ ਕਿਤੇ ਥਾਂ ਈ ਨਹੀਂ। ਬਹੁਤੇ ਸਿੱਖਾਂ ਨੂੰ ਵਿਚੋਲਾਵਾਦ ਈ ਤਾਂ ਗੁੰਮਰਾਹ ਕਰ ਰਿਹੈ਼ ਗੁਰਬਾਣੀ ਦਾ ਸਿਮਰਨ ਕਰ ਕੇ ਵਿਚਾਰ ਕਰੋ ਤਾਂ ਗੁਰਬਾਣੀ ਵਿਚੋਲਾਵਾਦ ਨੂੰ ਖ਼ਤਮ ਕਰ ਕੇ ਸਿੱਖ ਨੂੰ ਅਕਾਲ ਪੁਰਖ ਨਾਲ ਜੋੜਦੀ ਐ। ਇਹੀ ਇਕ ਰਾਜ ਐ ਜੋ ਕਈਆਂ ਦੀ ਸਮਝ ਵਿਚ ਪਤਾ ਨਹੀਂ ਕਿਉਂ ਨਹੀਂ ਆ ਰਿਹਾ, ਜਦ ਕਿ ਇਹਦਾ ਸਿੱਟਾ ਗੁਰੂ ਸਾਹਿਬਾਨ ਨੇ ਸਪਸ਼ਟ ਕੱਢਿਆ, 'ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ'।

ਅਕਾਲੀ ਜੀ ! ਗੱਲ ਤੁਹਡੀ ਬਹੁਤ ਹੀ ਸਪਸ਼ਟ ਤੇ ਸਿਧਾਂਤਕ ਐ, ਜੀਹਨੂੰ ਕਹਿੰਦੇ 'ਸੌ ਤਾਲਿਆਂ ਦੀ ਇਕੋ ਚਾਬੀ ਐ।'

ਮੈਂ ਕਿਹਾ ਸਾਡਾ ਤਾਂ ਸੰਬੋਧਨੀ ਬੋਲਾ ਹੀ ਸਾਡਾ ਸਿਧਾਂਤ ਪੇਸ਼ ਕਰ ਦਿੰਦਾ ਐ ਕਿ 'ਖ਼ਾਲਸਾ-ਵਾਹਿਗੁਰੂ ਦਾ ਐ ਤੇ ਫ਼ਤਹਿ ਵੀ ਵਾਹਿਗੁਰੂ ਦੀ ਐ।' ਜਿਹੜਾ ਭਾਈ ਸਾਹਿਬ ਜੀ ਇਸ ਸੋਚ 'ਤੇ ਪੱਕਾ ਐ, ਉਹ ਹੀ ਸਿੱਖ ਅਕਾਲੀ ਐ। ਇਸ ਲਈ ਜੋ ਅਕਾਲ ਦਾ ਪੁਜਾਰੀ ਐ ਉਹ ਕਿਸੇ ਹੋਰ ਦਾ ਪੁਜਾਰੀ ਨਹੀਂ ਹੋ ਸਕਦਾ ਤੇ ਜਿਹੜਾ ਹੋਰ ਦੇਵੀ ਦੇਵਤਿਆਂ ਜਾਂ ਸਰੀਰਾਂ ਦਾ ਪੁਜਾਰੀ ਐ, ਉਹ ਅਕਾਲ ਦਾ ਪੁਜਾਰੀ ਨਹੀਂ ਹੋ ਸਕਦਾ। ਘੱਟੋ ਘੱਟ ਹਰ ਸਿੱਖ ਨੂੰ ਗੁਰੂ ਪਾਤਸ਼ਾਹ ਦਾ ਫੁਰਮਾਨ ਮਨ 'ਚ ਵਸਾ ਕੇ ਰੱਖਣਾ ਚਾਹੀਦਾ ਐ :

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥ (ਵਾਰ ਆਸਾ, ਸਲੋਕ ਮ: ੨, ਅੰਗ ੪੭੪)

ਭਾਵ ਜੋ ਜਗਿਆਸੂ ਆਪਣੇ ਮਾਲਕ ਅੱਗੇ ਕਦੇ ਸਿਰ ਵੀ ਨਿਵਾਉਂਦਾ, ਕਦੀ ਨਾਂਹ ਨੁੱਕਰ ਕਰਦਾ, ਜਵਾਬ ਵੀ ਦਿੰਦਾ ਉਹ ਤਾਂ ਮੁੱਢੋਂ-ਸੁੱਢੋਂ ਹੀ ਖੁੰਝਿਆ ਹੋਇਆ ਹੈ ਕਿਉਂਕਿ ਦੋਵੇਂ ਗੱਲਾਂ ਹੀ 'ਸਲਾਮ ਤੇ ਜਵਾਬ' ਝੂਠੀਆਂ ਹਨ, ਕੋਈ ਵੀ ਮਾਲਕ ਦੇ ਦਰ ਕਬੂਲ ਨਹੀਂ ਹੋਣੀ। ਇਸ ਲਈ ਗੁਰਸਿੱਖਾਂ ਦਾ ਨਿਸਚਾ 'ਜੋ ਗੁਰੁ ਕਹੈ ਸੋਈ ਭਲ ਮਾਨਹੁ' (ਅੰਗ ੬੬੭) ਵਾਲਾ ਹੋਣਾ ਚਾਹੀਦਾ ਐ ਤਾਂ ਹੀ ਹਰ ਸਿੱਖ ਅਕਾਲੀ ਕਹਿਲਾਉਣ ਦਾ ਹੱਕਦਾਰ ਐ ਜਾਂ ਫਿਰ ਜਿਵੇਂ ਕਹਿੰਦੇ 'ਸੌ ਹੱਥ ਰੱਸਾ ਸਿਰੇ 'ਤੇ ਗੰਢ' ਬਈ ਜੋ ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਪਰਿਭਾਸ਼ਾ ਦਿੱਤੀ ਗਈ ਹੈ, ਉਸ 'ਤੇ ਪੂਰਾ ਉਤਰਦਾ, ਉਹ ਸਿੱਖ ਅਕਾਲੀ ਐ।

# ਜੀਵਨ ਦੀ ਤਰੱਕੀ ਦਾ ਰਾਜ਼

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥ (ਅੰਗ : ੧੦੯੬)

(ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, "ਐ ਮਨੁੱਖ ਹਮੇਸ਼ਾ ਅਗਹਾਂ ਨੂੰ ਹਰਕਤ ਰੱਖ । ਆਪਣੇ ਮੂਹਡੇ ਨੂੰ ਬਿਲਕੁਲ ਪਿੱਛਾਂ ਨਾ ਮੋੜ । ਜੀਵਨ ਦੇ ਇਸੇ ਮੌਕੇ ਵਿਚ ਸਫਲਤਾ ਪ੍ਰਾਪਤ ਕਰਕੇ ਸਰਖ਼ਰੂ ਹੋ ਜਾ । ਤਾਂ ਜੋ ਦੂਜੀ ਵਾਰ ਤੈਨੂੰ ਮਾਇਕ ਸਰੀਰ ਦੀ ਕੈਦ ਵਿਚ ਨਾ ਫਸਣਾ ਪਵੇ। " )

ਮਨੁੱਖ ਦੀ ਜ਼ਿੰਦਗੀ ਦੀ ਸਫਲਤਾ ਦਾ ਇਹ ਭੇਦ ਹੈ ਕਿ ਉਹ ਹਮੇਸ਼ਾ ਅਗਹਾਂ ਵੱਲ ਹਰਕਤ ਕਰਦਾ ਰਹੇ । ਗਿਆਨ, ਪ੍ਰੇਮ, ਸ਼ਕਤੀ, ਸੁੰਦਰਤਾ, ਪਵਿੱਤ੍ਰਤਾ, ਸੰਜਮ, ਵੀਰਤਾ, ਭਗਤੀ, ਜੁਗਤੀ, ਆਜ਼ਾਦੀ, ਇਨਸਾਫ, ਕਲਾ ਤੇ ਆਨੰਦ ਵਿਚ ਹੋਰ ਹੀ ਹੋਰ ਤਰੱਕੀ ਕਰਦਾ ਰਹੇ। ਉਸ ਦਾ ਹਰ ਅਗਲਾ ਪੈਰ ਉਸ ਦੇ ਪਿਛਲੇ ਪੈਰ ਤੋਂ ਚੰਗੀ ਤੇ ਸੁਤੰਤਰ ਚਾਲ ਚੱਲੇ। ਉਸ ਦਾ ਹਰ ਅਗਲਾ ਦਿਹਾੜਾ ਉਸ ਦੇ ਪਿਛਲੇ ਦਿਹਾੜੇ ਤੋਂ ਜ਼ਿਆਦਾ ਸੁੰਦਰ, ਅਮੀਰ, ਅਰੋਗ ਤੇ ਪ੍ਰਸੰਨ ਹੋਵੇ, ਉਸ ਦੀ ਜ਼ਿੰਦਗੀ ਦੀਆਂ ਕੀਮਤਾਂ ਆਤਮਕਤਾ ਤੇ ਅਧਿਆਤਮਕਤਾ ਵਿਚ ਹੋਰ ਹੀ ਹੋਰ ਉੱਨਤ ਹੁੰਦੀਆਂ ਜਾਣ। ਉਹ ਨਿਤਾਪਰਤੀ ਜੀਵਨ ਦਾ ਨਵੇਂ ਤੋਂ ਨਵਾਂ ਅਨੁਭਵ ਹਾਸਲ ਕਰਦਾ ਜਾਏ । ਉਸ ਨੂੰ ਹਰ ਘੜੀ ਈਸ਼ਵਰ ਦਰਸ਼ਨ ਦੇ ਨਵੇਂ ਤੋਂ ਨਵੇਂ ਦ੍ਰਿਸ਼ ਨਜ਼ਰ ਆਂਦੇ ਜਾਣ ਅਤੇ ਉਸ ਦਾ ਦਰਿਸ਼ਟੀਕੋਣ ਨਵੇਂ ਤੋਂ ਨਵਾਂ ਉਜਿਆਰਾ ਪ੍ਰਾਪਤ ਕਰਕੇ ਹੋਰ ਹੀ ਹੋਰ ਪਰਜੁਵੱਲਤ ਹੁੰਦਾ ਜਾਏ।

ਜ਼ਿੰਦਗੀ ਕਦੇ ਸ਼ਾਂਤ ਨਹੀਂ ਰਹਿ ਸਕਦੀ । ਜਦ ਉਹ ਅਗਹਾਂ ਨੂੰ ਹਰਕਤ ਨਹੀਂ ਕਰਦੀ ਤਾਂ ਪਿੱਛਾ ਹਟਣਾਂ ਸ਼ੁਰੂ ਹੁੰਦੀ ਹੈ ਅਤੇ ਜ਼ਿੰਦਗੀ ਦਾ ਪਿੱਛਾਂ ਹਟਣ ਦਾ ਅਮਲ ਜੀਵਨ ਦੇ ਸਹਿਜ-ਸੁਭਾ ਦੀ ਵਿਰੋਧਤਾ ਹੈ ਅਤੇ ਇਸ ਲਈ ਇਹ ਮਨੁੱਖ ਦੀ ਕੀਮਤ ਘਟਾਂਦਾ ਤੇ ਉਸ ਨੂੰ ਬੇਇੱਜ਼ਤ ਕਰਦਾ ਹੈ ।

ਆਲਸ, ਲਾਪਰਵਾਹੀ, ਹਾਰ, ਭਾਜ, ਅਫਸੋਸ, ਪਛਤਾਵਾ, ਬੀਮਾਰੀ ਕੰਗਾਲੀ ਅਤੇ ਅਸਫਲਤਾ ਆਦਿ ਅਵਗੁਣ ਜ਼ਿੰਦਗੀ ਦੇ ਪਿੱਛਾਂ ਵੱਲ ਮੁੜਨ ਦੇ ਰੂਪ ਹਨ ਅਤੇ ਇਸ ਲਈ ਇਹ ਹੇਠੀ ਦੇ ਕੰਮ ਹਨ। ਭਾਵੇਂ ਇਹ ਰੂਪ ਵੀ ਜ਼ਿੰਦਗੀ ਦੀ ਅਗਹਾਂ ਵੱਲ ਜਾਣ ਵਾਲੀ ਹਰਕਤ ਦਾ ਲੋੜੀਂਦਾ ਮਸਾਲਾ ਬਣ ਸਕਦੇ ਹਨ। ਪਰ ਇਨ੍ਹਾਂ ਦੀ ਸਹੀ ਵਰਤੋਂ ਉਹੀ ਮਨੁੱਖ ਕਰ ਸਕਦਾ ਹੈ ਜਿਹੜੇ ਆਪਣੇ ਜੀਵਨ ਨੂੰ ਅਗਹਾਂ ਵੱਲ ਪਰੇਰਤ ਕਰਨ ਲਈ ਜ਼ਿੰਦਾ ਤੜਪ, ਉਤਸ਼ਾਹ, ਲਗਨ, ਧੁਨ ਤੇ ਇਸ਼ਕ ਰੱਖਦਾ ਹੈ, ਨਹੀਂ ਤਾਂ ਬੇ-ਤੜਪ ਮਨੁੱਖਾਂ ਲਈ ਤਾਂ ਇਹ ਕੰਮ ਹੋਰ ਹੀ ਹੋਰ ਅਸਫਲਤਾ, ਬੇਰਸੀ ਤੇ ਨਾ-ਖੁਸ਼ੀ ਦਾ ਕਾਰਨ ਬਣਦੇ ਹਨ ।

ਜ਼ਿੰਦਗੀ ਦੀ ਸਫਲਤਾ ਦਾ ਭੇਦ ਜ਼ਿੰਦਗੀ ਦੇ ਵਕਤ ਦਾ ਠੀਕ ਇਸਤਿਮਾਲ ਕਰਨਾ ਹੈ ਤੇ ਵਕਤ ਦਾ ਠੀਕ ਇਸਤਿਮਾਲ ਤਦ ਹੋ ਸਕਦਾ ਹੈ ਜਦ ਕਿ ਅਗਹਾਂ ਵੱਲ ਹਰਕਤ ਜਾਰੀ ਰੱਖੀ ਜਾਏ। ਵਰਤਮਾਨ ਤੋਂ ਲਾਭ ਉਠਾ ਕੇ ਭਵਿੱਖ ਨੂੰ ਸੰਵਾਰਿਆ ਜਾਏ। ਜੀਵਨ ਦੀ ਸ਼ਕਤੀ ਨੂੰ ਮੁਸੱਬਤ ਸਿਫ਼ਤਾਂ ਦੀ ਉਸਾਰੀ ਵਿਚ ਲਗਾਇਆ ਜਾਏ। ਨਹੀਂ ਤਾ ਪਿਛਲੇ ਸਮੇਂ ਦੀਆਂ ਅੱਛਾਈਆਂ ਨੂੰ ਯਾਦ ਕਰਕੇ ਆਪਣੇ ਸਮੇਂ ਨੂੰ ਖੋਣਾ; ਪਿਛਲੀਆਂ ਯਾਦਾਂ ਵਿਚ ਜੁੱਟਿਆ ਰਹਿਣਾ; ਮਨਫ਼ੀ ਗੁਣਾਂ ਦਾ ਅਭਿਆਸ ਕਰਨਾ; ਵਾਦਾਂ-ਵਿਵਾਦਾਂ ਤੇ ਫਜ਼ੂਲ ਝਗੜਿਆਂ, ਝੰਝਟਾਂ ਤੇ ਗੱਪਾਂ-ਸ਼ੱਪਾਂ

ਵਿਚ ਸਮਾਂ ਖ਼ਰਾਬ ਕਰਨਾ ਆਦਿ ਕੰਮ ਤਾਂ ਆਪਣੇ ਜੀਵਨ ਦਾ ਮੋਢਾ ਪਿੱਛਾਂ ਮੋੜਨ ਦੇ ਤੁਲ ਕੰਮ ਹਨ ਅਤੇ ਇਸ ਲਈ ਇਹ ਜ਼ਿੰਦਗੀ ਨੂੰ ਕਦੀ ਸੁਖੀ, ਰਸਦਾਇਕ, ਸਫਲ ਤੇ ਉੱਨਤ ਨਹੀਂ ਬਣਾ ਸਕਦੇ ।

ਮਨੁੱਖ ਨੂੰ ਮਾਨਵ ਜ਼ਿੰਦਗੀ ਦੀ ਦੌਲਤ ਬੜੇ ਚੰਗੇ ਭਾਗਾਂ ਨਾਲ ਪ੍ਰਾਪਤ ਹੋਈ ਹੈ । ਕਿਉਂ ਜੋ ਇਹ ਉੱਚੀ ਤੋਂ ਉੱਚੀ ਜੂਨ ਹੈ। ਸੁਨਹਿਰੀ ਤੋਂ ਸੁਨਹਿਰੀ ਮੌਕਾ ਹੈ। ਪਰ ਇਸ ਮੌਕੇ ਨੂੰ ਠੀਕ ਵਰਤੋਂ ਨਾਲ ਹੀ ਸਫਲ ਬਣਾਇਆ ਜਾ ਸਕਦਾ ਹੈ ਅਤੇ ਨੇਕ ਨੀਅਤੀ ਤੇ ਧਰਮ ਦੀ ਮੰਗ ਵੀ ਇਹੀ ਹੈ ਕਿ ਇਸ ਨੂੰ ਸਫਲ ਬਣਾਇਆ ਜਾਏ। ਪਰੰਤੂ ਸਫਲਤਾ ਦੀ ਪ੍ਰਾਪਤੀ ਲਈ ਨਾ ਕੇਵਲ ਜ਼ਬਰਦਸਤ ਤਿਆਰੀ ਦੀ ਲੋੜ ਹੈ, ਸਗੋਂ ਸੁਚੇਤ ਰਹਿਣ ਦੀ ਵੀ। ਇਸ ਲਈ ਜਿਹੜੇ ਮਨੁੱਖ ਜੀਵਨ ਦੇ ਚਾਹਵਾਨ ਹਨ; ਉਨ੍ਹਾਂ ਨੂੰ ਇਹ ਵਿਸ਼ਵਾਸ ਦ੍ਰਿੜ੍ਹ ਤੌਰ ਤੇ ਆਪਣੇ ਹਿਰਦੇ ਵਿਚ ਸੰਚਾਰ ਕਰ ਲੈਣਾ ਚਾਹੀਦਾ ਹੈ ਕਿ ਉਹ ਜ਼ਿੰਦਗੀ ਦੇ ਇਮਤਿਹਾਨ ਵਿਚ ਜ਼ਰੂਰ ਸਫਲ ਹੋਣਗੇ ਅਤੇ ਪੂਰੀ ਸੁਰਖ਼ਰੂਈ ਤੇ ਨੇਕਨਾਮੀ ਨਾਲ ਸਫਲ ਹੋਣਗੇ।

ਮਨੁੱਖ ਨੇ ਓੜਕ ਜੀਵਨ ਦੀ ਸੰਪੂਰਨਤਾ ਰਾਹੀਂ ਪ੍ਰਮਾਤਮਾ ਨਾਲ ਇਕ ਮਿਕ ਹੋਣਾ ਹੈ ਅਤੇ ਵਾਕਈ ਆਪਣੀ ਮਾਨਵਤਾ ਦਾ ਆਨੰਦ ਮਾਨਣਾ ਹੈ। ਇਹ ਮਨੁੱਖ ਦਾ ਅਟੱਲ ਅਧਿਕਾਰ ਹੈ ਤੇ ਅਧਿਕਾਰ ਉਸ ਨੂੰ ਕਿਸੇ ਨਾ ਕਿਸੇ ਵਕਤ ਜ਼ਰੂਰ ਪ੍ਰਾਪਤ ਹੋਵੇਗਾ। ਪਰੰਤੂ ਮਨੁੱਖ ਦੀ ਵਾਕਈ ਹਿੰਮਤ ਤੇ ਸੁਰਖ਼ਰੂਈ ਦੀ ਮੰਗ ਇਹ ਹੈ ਕਿ ਉਹ ਇਸ ਅਧਿਕਾਰ ਨੂੰ ਆਪਣੀ ਜ਼ਿੰਦਗੀ ਦੇ ਵਾਕਈ ਅਵਸਰ ਵਿਚ ਪ੍ਰਾਪਤ ਕਰਨ ਦਾ ਜਤਨ ਕਰੇ, ਨਹੀਂ ਤਾਂ ਕੁਦਰਤ ਮਾਤਾ ਉਸਨੂੰ ਵਾਰ-ਵਾਰ ਜੂਨਾਂ ਦੇ ਗੇੜੇ ਵਿਚ ਫਸਾ ਕੇ ਉਸਨੂੰ ਇਸ ਸਫਲਤਾ ਦੀ ਪ੍ਰਾਪਤੀ ਦੇ ਤਜਰਬੇ ਕਰਨ ਲਈ ਮਜਬੂਰ ਕਰੇਗੀ ਤੇ ਇਸ ਤਰ੍ਹਾਂ ਨਾ ਕੇਵਲ ਉਸਨੂੰ ਕਠਨ ਕਸ਼ਟ ਸਹਿਣੇ ਪੈਣਗੇ। ਸਗੋਂ ਉਸ ਦੀ ਤਰੱਕੀ ਦੀ ਚਾਲ ਵੀ ਮੱਧਮ ਪੈ ਜਾਵੇਗੀ।

ਇਸ ਲਈ ਜ਼ਿੰਦਗੀ ਦੀ ਤਰੱਕੀ ਦੇ ਚਾਹਵਾਨਾਂ ਦਾ ਇਹ ਕਰਤਵ ਹੈ ਕਿ ਨਾ ਕੇਵਲ ਉਹ ਅਗਹਾਂ ਨੂੰ ਹਰਕਤ ਕਰਦੇ ਰਹਿਣ, ਸਗੋਂ ਜ਼ਿੰਦਗੀ ਦੇ ਅਵਸਰ ਦਾ ਪੂਰਾ-ਪੂਰਾ ਲਾਭ ਵੀ ਉਠਾਣ ਤੇ ਪੂਰਨ ਤਿਆਰੀ ਦੁਆਰਾ ਉਸਨੂੰ ਪਰਵਾਨ ਵੀ ਚੜ੍ਹਾਨ।

ਨਿਰਸੰਦੇਹ ਆਤਮਕਤਾ ਤੇ ਅਧਿਆਤਮਕਤਾ ਵਿਚ ਹੋਰ ਹੀ ਹੋਰ ਉੱਨਤ ਤੇ ਪਰਫੁੱਲਤ ਹੋਣਾ ਧਰਮ ਜੀਵਨ ਦੀ ਪ੍ਰਾਪਤੀ ਦੀ ਜ਼ਰੂਰੀ ਸ਼ਰਤ ਹੈ।

ਯੋਗ ਦੇ ਤਾਂ ਸਗੋਂ ਅਰਥ ਹੀ ਇਹੀ ਹਨ ਕਿ ਦਿਲ, ਦਿਮਾਗ ਤੇ ਇੱਛਾ ਰਾਹੀਂ ਜੀਵਨ ਜੋਤ ਨਾਲ ਹੋਰ ਹੀ ਹੋਰ ਨੇੜਤਾ ਤੇ ਸਾਂਝ ਦਾ ਸੰਬੰਧ ਕਾਇਮ ਕੀਤਾ ਜਾਏ। ਹੁਕਮ ਤੇ ਰਜ਼ਾ ਦੇ ਪਾਲਣ ਦਾ ਵੀ ਤਾਂ ਇਹੀ ਭਾਵ ਹੈ ਕਿ ਆਤਮ-ਗਿਆਨ ਤੇ ਬ੍ਰਹਮ-ਗਿਆਨ ਵਿਚ ਹੋਰ ਹੀ ਹੋਰ ਅਗਹਾਂ ਵਧਿਆ ਜਾਏ। ਪਰ ਇਸ ਮੰਤਵ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਤਾਂ ਇਹ ਕਿ ਜ਼ਿੰਦਗੀ ਦੇ ਅਵਸਰ ਨੂੰ ਅਨਮੋਲ ਤੋਂ ਅਨਮੋਲ ਖ਼ਿਆਲ ਕਰਦੇ ਹੋਏ ਸੰਪੂਰਨ ਆਚਰਣ ਉਸਾਰੀ ਦੀ ਸਫਲਤਾ ਦੁਆਰਾ ਉਸ ਨੂੰ ਵਿਗਾਸ-ਮਈ ਤੇ ਪਰਕਾਸ਼ਮਾਨ ਕੀਤਾ ਜਾਏ ਤਾਂ ਜੋ ਅਸਫਲ ਹੋ ਕੇ ਆਵਾਗਵਨ ਦੀਆਂ ਚੋਟਾਂ ਨਾ ਖਾਣੀਆਂ ਪੈ ਜਾਣ।

# ਮੈਂ ਕੌਣ ਹਾਂ?

ਡਾ. ਜਸਵੰਤ ਸਿੰਘ 'ਨੇਕੀ'

ਕਦੇ ਤਾਂ ਤਨਹਾਈ ਨੂੰ ਆਵਾਜ਼ ਮਾਰੋ, ਆਪਣੇ ਆਪ ਨੂੰ ਸਲਾਮ ਕਰੋ, ਵੇਖੋ! ਤੁਹਾਡੀ ਆਤਮਾ ਦਾ ਲਿਬਾਸ ਕੈਸਾ ਹੈ, ਤਕੜੇ ਹੋ ਕੇ ਆਪਣੇ ਸੀਨੇ ਦੀ ਗੁਫਾ ਅੰਦਰ ਦਾਖ਼ਲ ਹੋਵੇ ਤੇ ਉਥੇ ਜੋ ਕੁਝ ਪਿਆ ਮਿਲੇ, ਉਸ ਨੂੰ ਉਲਟਾ-ਪੁਲਟਾ ਕੇ ਵੇਖਣ ਦਾ ਜਤਨ ਕਰੋ। -ਅਨਾਮ

ਇਕ ਦਿਨ ਦੀ ਗੱਲ ਹੈ, ਮੈਂ ਤੜਕੇ ਜਾਗਿਆ ਤੇ ਮੰਜੇ 'ਤੇ ਪਿਆ ਹੀ ਸੋਚਣ ਲੱਗਾ, 'ਮੈਂ ਕੌਣ ਹਾਂ?' ਮੇਰੇ ਅੰਦਰ ਲੜੀਵਾਰ ਕਈ ਉੱਤਰ ਉਤਪੰਨ ਆਣ ਹੋਏ। 'ਮੈਂ ਛੇ ਫੁੱਟ ਲੰਮਾ ਆਦਮੀ ਹਾਂ', 'ਮੈਂ ਪੰਜਾਬੀ ਹਾਂ', 'ਮੈਂ ਡਾਕਟਰ ਹਾਂ', 'ਮੈਂ ਸੋਚਦਾ ਹਾਂ', 'ਮੈਂ ਨਹਾਉਣਾ ਹੈ', 'ਮੈਂ ਅੱਜ ਛੁੱਟੀ ਕਰਨੀ ਚਾਹੁੰਦਾ ਹਾਂ'। ਧਿਆਨ ਲਾਇਆ, ਜਾਪਿਆ ਕਿ ਹਰੇਕ ਉੱਤਰ ਵਿਚ ਵਰਤਦੀ 'ਮੈਂ' ਵੱਖਰੀ ਵੱਖਰੀ ਕਿਸਮ ਦੀ ਹੈ। ਕਦੇ ਤਾਂ ਇਹ ਸਰੀਰ ਨਾਲ ਸੰਬੰਧਤ ਸੀ, ਕਦੇ ਵਤਨ ਨਾਲ, ਕਦੇ ਕਿੱਤੇ ਨਾਲ, ਕਦੇ ਮਾਨਸਿਕਤਾ ਨਾਲ, ਕਦੇ ਕਾਰਜ ਨਾਲ ਤੇ ਕਦੇ ਇੱਛਾ ਨਾਲ। ਮੈਂ ਸੋਚਿਆ, 'ਕੀ ਮੇਰੇ ਅੰਦਰ ਸੱਚਮੁਚ ਇਤਨੀਆਂ 'ਮੈਂਆਂ' ਵਿਚਰਦੀਆਂ ਹਨ ਜਾਂ ਇਨ੍ਹਾਂ ਸਭਨਾਂ ਪਿੱਛੇ ਕੋਈ ਹੋਰ ਸਾਂਝੀ 'ਮੈਂ' ਵਰਤ ਰਹੀ ਹੈ? ਵਿਚਾਰ ਆਇਆ, ਸ਼ਾਇਦ ਇਨ੍ਹਾਂ ਪਿੱਛੇ ਹੋਂਦ ਦਾ ਅੰਤਰਮੁਖੀ ਅਨੁਭਵ ਵਰਤਦਾ ਹੈ। ਇਹ ਮੇਰੇ ਸਰੀਰਕ ਬਿੰਬ ਨਾਲੋਂ, ਮੇਰੇ ਸਮਾਜਕ ਵਰਗ ਨਾਲੋਂ, ਮੇਰੀਆਂ ਸਰਗਰਮੀਆਂ ਤੇ ਮੇਰੀਆਂ ਇੱਛਾਵਾਂ ਸਭਨਾਲੋਂ ਵੱਖਰਾ ਹੈ। ਇਹ ਸਭ 'ਮੈਂਆਂ' ਤਾਂ ਮੇਰੇ ਵੱਖ ਵੱਖ ਪੱਖਾਂ ਨਾਲ ਸੰਬੰਧਤ ਹਨ, ਪਰ ਅਸਲ 'ਮੈਂ' ਸ਼ਾਇਦ ਕਿਸੇ ਅੰਤਰੀਵ ਨਿੱਜਤਾ ਦੀ ਚੇਤਨਾ ਹੁੰਦੀ ਹੈ।

ਤਦ ਮੈਂ ਧਿਆਨ ਨਾਲ, ਇਸ 'ਮੈਂ' ਦੀ ਨਿੱਜਤਾ ਨੂੰ ਪਛਾਣਨ ਦਾ ਜਤਨ ਕਰਨ ਲੱਗਾ। ਜਾਂ ਇਉਂ ਕਹੋ, ਮੈਂ ਆਪਣੀ 'ਮੈਂ' ਦੀ ਅੰਦਰਲੀ ਜੜ੍ਹ ਭਾਲਣ ਲੱਗਾ। ਤਦ ਲੱਗਾ, ਜੋ ਵੀ ਵਿਚਾਰ, ਬਿੰਬ, ਭਾਵ ਜਾਂ ਇੱਛਾ ਆਦਿ ਮੇਰੇ ਅੰਦਰ ਜਾਗਦੇ ਹਨ, ਮੇਰੀ 'ਮੈਂ' ਇਨ੍ਹਾਂ ਸਭਨਾਂ ਨਾਲ ਸੰਬੰਧਤ ਹੋਣ ਦੇ ਬਾਵਜੂਦ ਇਨ੍ਹਾਂ ਸਭਨਾਂ ਤੋਂ ਅਲੱਗ ਹੁੰਦੀ ਹੈ। ਉਹੀ ਤਾਂ ਇਨ੍ਹਾਂ ਸਭਨਾਂ ਦੀ ਵੇਖਣਹਾਰੀ, ਸਭਨਾਂ ਦੀ ਦ੍ਰਸ਼ਟਾ ਜਾਪਦੀ ਹੈ। "ਤਾਂ ਕੀ ਇਹ ਵੇਖਣਹਾਰ ਚੇਤਨਾ ਹੀ 'ਮੈਂ' ਹੈ ਜੋ ਹਰ ਪ੍ਰਕਾਰ ਦੇ ਮਾਨਸਿਕ ਅਥਵਾ ਸਰੀਰਕ ਅਨੁਭਵਾਂ ਪਿੱਛੇ ਲਗਾਤਾਰ ਕਾਇਮ ਰਹਿੰਦੀ ਹੈ?" ਇਹ ਵਿਚਾਰ ਆਉਂਦਿਆਂ ਸਾਰ ਹੀ ਮੈਨੂੰ ਲੱਗਾ ਕਿ ਪਹਿਲੀਆਂ ਸਭ 'ਮੈਂਆਂ' ਤਾਂ ਕੇਵਲ ਮੇਰੀ 'ਮੈਂ! ਮੈਂ!' ਅਥਵਾ 'ਹਉਮੈ' ਸਨ।

'ਮੈਂ ਮੈਂ' ਵਾਲੀ ਇਹ ਹਉਮੈ ਹੀ ਵਸਤਾਂ ਨਾਲ ਜੁੜਦੀ ਹੈ— 'ਇਹ ਮੇਰੀ ਪੱਗ ਹੈ', 'ਇਹ ਮੇਰਾ ਘਰ ਹੈ', 'ਇਹ ਮੇਰਾ ਵਤਨ ਹੈ', 'ਇਹ ਮੇਰਾ ਪੈਸਾ ਹੈ' ਆਦਿ। ਵਸਤਾਂ ਨਾਲ ਜੁੜਨ ਵਾਂਗ ਹੀ ਇਹ ਮਾਨਸਿਕਤਾ ਨਾਲ ਵੀ ਜੁੜਨਾ ਜਾਣਦੀ ਹੈ- 'ਇਹ ਮੇਰਾ ਵਿਚਾਰ ਹੈ', 'ਇਹ ਮੇਰੀ ਇੱਛਾ ਹੈ', 'ਇਹ ਮੇਰਾ ਮਨੋਰਥ ਹੈ', 'ਇਹ ਮੇਰਾ ਅਹਿਸਾਸ ਹੈ' ਆਦਿ।

ਤਦ ਮੈਂ ਇਹ ਪ੍ਰਤੀਤ ਕੀਤਾ ਕਿ ਜਦੋਂ ਇਹ 'ਮੈਂ' ਵਸਤਾਂ ਜਾਂ ਮਾਨਸਿਕਤਾਵਾਂ ਨਾਲ ਜੁੜਦੀ ਹੈ ਤਾਂ ਇਹ 'ਮੇਰਾ ਜਾਂ ਮੇਰੀ' ਵਿਚ ਪਰਿਵਰਤਿਤ ਹੋ ਜਾਂਦੀ ਹੈ। ਇਹ ਹਉਮੈ ਹੀ ਹੈ ਜੋ ਹਰ ਥਾਂ ਜਾ ਜੁੜਦੀ ਹੈ।

ਉਦੋਂ ਇਕ ਹੋਰ ਵਿਚਾਰ ਆਣ ਜਾਗਿਆ- ਇਹ 'ਮੈਂ' ਕੇਵਲ ਆਪ ਹੀ ਵਸਤਾਂ, ਵਿਚਾਰਾਂ ਵੱਲ ਰੁਚਿਤ ਨਹੀਂ ਹੁੰਦੀ ਤੇ ਉਨ੍ਹਾਂ ਨਾਲ ਨਹੀਂ ਜਾ ਜੁੜਦੀ, ਇਹ ਵਸਤਾਂ-ਵਿਚਾਰਾਂ ਨੂੰ ਆਪਣੀ ਤਰਫ਼ ਖਿੱਚ ਕੇ ਵੀ, ਆਪਣੇ ਨਾਲ

ਜੋੜ ਲੈਂਦੀ ਹੈ। ਤਦ ਇਹ 'ਮੈਂ' 'ਮੈਨੂੰ' ਬਣ ਜਾਂਦੀ ਹੈ ਤੇ ਕਹਿੰਦੀ ਫਿਰਦੀ ਹੈ, 'ਮੈਨੂੰ ਪੈਸਾ ਚਾਹੀਦੈ', 'ਮੈਨੂੰ ਹਿਸਾਬ ਸਿਖਾਓ' ਆਦਿ। ਇਥੇ ਵੀ ਹਉਮੈ ਹੀ ਵਰਤਦੀ ਪ੍ਰਤੀਤ ਹੁੰਦੀ ਹੈ। ਹਉਮੈ ਨੂੰ ਹੀ ਸਭ ਕੁਝ ਦਰਕਾਰ ਹੈ।

'ਮੈਂ' ਜਦੋਂ 'ਮੇਰਾ' ਜਾਂ 'ਮੇਰੀ' ਵਿਚ ਤਬਦੀਲ ਹੁੰਦੀ ਹੈ ਤਾਂ ਮੋਹਗ੍ਰਸਤ ਹੋਈ ਪ੍ਰਤੀਤ ਹੁੰਦੀ ਹੈ। ਜਦੋਂ ਇਹ 'ਮੈਨੂੰ' ਵਿਚ ਪਰਿਵਰਤਿਤ ਹੁੰਦੀ ਹੈ, ਤਾਂ ਲੋਭਗ੍ਰਸਤ ਹੋਈ ਜਾਪਦੀ ਹੈ। ਇਹ ਦੋਵੇਂ ਬੰਧਨ ਹਨ। ਤਦੇ ਤਾਂ ਕਿਹਾ ਗਿਆ ਹੈ:

ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥

(ਸੋਰਠਿ ਮ: ੫, ਪੰਨਾ ੬੪੨)

ਇਥੇ ਅੱਪੜ ਕੇ, ਇਕ ਹੋਰ ਵਿਚਾਰ ਉੱਠ ਖਲੋਤਾ। ਮੈਂ ਬੜੀ ਵਾਰ ਕਹਿੰਦਾ ਹਾਂ, 'ਮੈਨੂੰ ਗੁੱਸਾ ਆਇਆ', ਜਾਂ 'ਮੈਨੂੰ ਦੁੱਖ ਲੱਗਾ'। ਜਿਸ ਪ੍ਰਕਾਰ ਮੈਂ ਇਨ੍ਹਾਂ ਵਾਕਾਂ ਦੀ ਬਣਤ ਬੰਨਦਾ ਹਾਂ, ਉਸ ਤੋਂ ਜਾਪਦਾ ਹੈ ਜਿਵੇਂ ਗੁੱਸੇ ਪਾਸ 'ਆਉਣ' ਦਾ ਕੋਈ ਸਾਧਨ ਹੁੰਦਾ ਹੈ, ਤੇ ਦੁੱਖ ਪਾਸ 'ਲੱਗਣ' ਦਾ। ਮੈਂ ਇਹ ਨਹੀਂ ਕਹਿੰਦਾ ਕਿ 'ਮੈਂ ਗੁੱਸਾ ਕੀਤਾ' ਜਾਂ 'ਮੈਂ ਦੁੱਖ ਮਨਾਇਆ'? ਮੈਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਅਸੀਂ ਆਪਣੇ ਆਪ ਨੂੰ ਜ਼ਿੰਮੇਵਾਰੀਆਂ ਜਾਂ ਜਵਾਬਦੇਹੀ ਤੋਂ ਮੁਕਤ ਕਰਨ ਲਈ, ਬੋਲੀ ਦੀਆਂ ਵਿਭਕਤੀਆਂ ਨੂੰ ਆਪਣੇ ਹੱਕ ਵਿਚ ਵਰਤ ਲੈਂਦੇ ਹਾਂ। ਜੇਕਰ ਮੈਂ ਕਹਾਂ, 'ਮੈਂ ਗੁੱਸਾ ਕੀਤਾ' ਜਾਂ 'ਮੈਂ ਦੁਖੀ ਹੋਇਆ' ਤਾਂ ਕਸੂਰ ਮੇਰਾ ਹੈ, ਪਰ ਜੇ ਮੈਂ ਆਖਾਂ 'ਮੈਨੂੰ ਗੁੱਸਾ ਆਇਆ' ਜਾਂ 'ਮੈਨੂੰ ਦੁੱਖ ਲੱਗਾ' ਤਾਂ ਕਸੂਰ ਗੁੱਸੇ ਜਾਂ ਦੁੱਖ ਦਾ ਹੈ। ਇਹ ਚਲਾਕੀ ਵੀ ਹਉਮੈ ਦੀ ਹੈ। ਉਹ ਸਦਾ ਆਪਣੇ ਆਪ ਨੂੰ ਦੋਸ਼ਮੁਕਤ ਹੀ ਵੇਖਣਾ ਚਾਹੁੰਦੀ ਹੈ। ਹੋਰਨਾਂ ਦੇ ਔਗੁਣ ਤਾਂ ਸਦਾ ਸਾਡੇ ਸਾਹਮਣੇ ਹੁੰਦੇ ਹਨ, ਸਾਡੇ ਆਪਣੇ ਸਾਡੀ ਪਿੱਠ ਦੇ ਪਿੱਛੇ ਜਾ ਲੁਕਦੇ ਹਨ।

ਇਥੇ ਆ ਕੇ ਮੈਨੂੰ ਇਕ ਨਵੇਂ ਵਿਚਾਰ ਨੇ ਆਣ ਦੁਖੀ ਕੀਤਾ। ਖਿਆਲ ਆਇਆ, ਅੱਧੀ ਤੋਂ ਵੱਧ ਮੇਰੀ ਆਯੂ ਮਨੋਵਿਗਿਆਨ ਪੜ੍ਹਦਿਆਂ-ਪੜ੍ਹਾਉਂਦਿਆਂ ਲੰਘ ਗਈ ਤੇ ਮੈਂ ਅੱਜ ਸੋਚਣ ਬੈਠਾ ਹਾਂ ਕਿ 'ਮੈਂ ਕੀ ਹਾਂ, ਮੈਂ ਕੌਣ ਹਾਂ?' ਤਦ ਮੈਨੂੰ ਲੱਗਾ ਕਿ ਪੱਛਮੀ ਮਨੋਵਿਗਿਆਨ 'ਮੈਂ' ਦੀਆਂ ਕਿਰਿਆਵਾਂ—ਵਿਚਾਰ, ਬੋਧ, ਅਨੁਭਵ, ਇੱਛਾ ਆਦਿ ਬਾਰੇ ਹੀ ਸੋਚਵਾਨ ਰਿਹਾ ਹੈ, ਇਨ੍ਹਾਂ ਕਿਰਿਆਵਾਂ ਦੇ ਕਰਤੇ 'ਮੈਂ' ਬਾਰੇ ਨਹੀਂ। ਇਹ ਸੋਚ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖੇਦ ਵੀ। ਹੈਰਾਨੀ ਇਸ ਗੱਲ ਦੀ ਕਿ ਪੱਛਮ ਦੀ ਸਾਰੀ ਸੱਭਿਅਤਾ ਨੂੰ ਕਦੇ ਮਨੁੱਖ ਦੇ ਅਸਲੇ ਬਾਰੇ ਸੋਚਣ ਦੀ ਰੁਚੀ ਨਹੀਂ ਹੋਈ, ਉਹ ਕੇਵਲ ਇਸ ਦੇ ਵਲ਼ੇਵਿਆਂ ਨਾਲ ਹੀ ਰੁੱਝੀ ਰਹੀ। ਖੇਦ ਇਸ ਗੱਲ ਦਾ ਕਿ ਇਸੇ ਪੱਛਮੀ ਮਨੋਵਿਗਿਆਨ ਨੂੰ ਆਪਣੇ ਕਿੱਤੇ ਵਿਚ ਵਰਤਦਿਆਂ ਕਈ ਦਹਾਕੇ ਲੰਘਾ ਕੇ ਵੀ ਇਸ ਦੀ ਬੁਨਿਆਦੀ ਊਣਤਾਈ ਦੀ ਸੋਝੀ ਮੈਨੂੰ ਹੁਣ ਆ ਕੇ ਹੋਈ ਹੈ। ਪਹਿਲਾਂ ਕਿਉਂ ਨਹੀਂ ਹੋਈ?

ਇਨ੍ਹਾਂ ਸੋਚਾਂ ਵਿਚਾਲਿਓਂ ਸਹਿਜੇ ਹੀ ਇਹ ਚੇਤੇ ਆ ਗਿਆ ਕਿ ਘੱਟੋ-ਘੱਟ ਮਨੋਵਿਸ਼ਲੇਸ਼ਣ ਵਾਲਿਆਂ ਨੇ ਤਾਂ ਈਗੋ (ਹਉਂ) ਬਾਰੇ ਖੋਜ ਕੀਤੀ ਹੈ। ਪਰ ਜਦ ਗਹੁ ਨਾਲ ਸੋਚਿਆ ਤਾਂ ਲੱਗਾ ਕਿ ਉਨ੍ਹਾਂ ਦਾ ਸਰੋਕਾਰ ਵੀ 'ਹਉਂ' ਦੇ ਵਲੇਵਿਆਂ, ਉਸ ਦੀਆਂ ਹੁੱਜਤਾਂ, ਚਲਾਕੀਆਂ, ਦੁਰਬਲਤਾਵਾਂ ਤੇ ਉਸ ਦੀ ਰੋਗਾਤਮਕਤਾ ਅਤੇ ਵਿਕਾਰਾਤਮਕਤਾ ਨਾਲ ਹੀ ਰਿਹਾ ਹੈ। ਇਸ ਦੇ ਅਸਲੇ ਤੋਂ ਉਹ ਵੀ ਠੀਕ ਤਰ੍ਹਾਂ ਜਾਣੂ ਨਹੀਂ ਹੋਏ।

ਤਦ ਸਹਿਵਨ ਮੇਰਾ ਧਿਆਨ, ਭਾਰਤੀ ਮਨੋਵਿਗਿਆਨ ਵੱਲ ਚਲਾ ਗਿਆ। ਉਸ ਅੰਦਰ ਮਾਨਸਿਕਤਾ ਦੇ ਦੋ ਭਾਗ ਮੰਨੇ ਜਾਂਦੇ ਹਨ- ਇਕ, 'ਬਾਹੀਯਕਰਣ' ਤੇ ਦੂਜਾ 'ਅੰਤਹਕਰਣ'। ਬਾਹੀਯਕਰਣ ਵਿਚ ਸਾਡੇ ਗਿਆਨ-ਇੰਦਰੇ (ਜਾਂ, ਖ਼ਬਰੇ, ਅਗਿਆਨ ਇੰਦਰੇ), ਤੇ ਕਰਮ ਇੰਦਰੇ (ਜਾਂ ਖ਼ਬਰੇ ਕੁਕਰਮ ਇੰਦਰੇ) ਸ਼ਾਮਲ ਹੁੰਦੇ ਹਨ। ਅੰਤਹਕਰਣ ਵਿਚ ਮਨ, ਚਿੱਤ, ਬੁੱਧੀ ਤੇ ਅਹੰਕਾਰ ਸ਼ਾਮਲ ਮੰਨੇ ਜਾਂਦੇ ਹਨ। ਮੈਂ ਸੋਚਣ ਲੱਗਾ ਕਿ ਜਿਸ ਨੂੰ 'ਮੈਂ' ਕਹਿੰਦੇ ਹਾਂ, ਉਸ ਦਾ ਬਾਹੀਯਕਰਣ ਨਾਲ ਤਾਂ ਕੋਈ ਸੰਬੰਧ ਨਜ਼ਰ ਨਹੀਂ ਆਉਂਦਾ। ਸਮੁੱਚਾ ਅੰਤਹਕਰਣ ਵੀ 'ਮੈਂ' ਨਹੀਂ ਜਾਪਦਾ। ਫਿਰ ਇਹ 'ਮੈਂ' ਕਿਧਰੇ ਅੰਤਹਕਰਣ ਦਾ ਭਾਗ 'ਅਹੰਕਾਰ' ਤਾਂ ਨਹੀਂ? ਅਹੰਕਾਰ ਦਾ ਅਰਥ ਤਾਂ

ਹੁੰਦਾ ਹੈ 'ਅਹੰ' (ਮੈਂ) ਨੂੰ ਘੜਨ ਵਾਲਾ। ਜਿਵੇਂ 'ਕੁੰਭਕਾਰ' ਦਾ ਅਰਥ ਹੈ ਕੁੰਭ (ਘੜਾ) ਘੜਨ ਵਾਲਾ ਜਾਂ 'ਸਵਰਨਕਾਰ' ਦਾ ਅਰਥ ਹੁੰਦਾ ਹੈ ਸੋਨਾ ਘੜਨ ਵਾਲਾ। ਇਸ ਲਈ, ਇਹ 'ਮੈਂ' ਤਾਂ ਨਹੀਂ ਹੋ ਸਕਦਾ, ਇਹ ਤਾਂ 'ਮੈਂ' ਨੂੰ ਘੜਨ ਵਾਲਾ ਹੈ। ਫਿਰ ਇਹ 'ਮੈਂ' ਹੈ ਕੀ, ਜਿਸ ਨੂੰ ਇਕ ਅਹੰਕਾਰ ਘੜਦਾ ਹੈ? ਮੈਨੂੰ ਇਸ ਦਾ ਕੋਈ ਤਤਕਾਲੀ ਉੱਤਰ ਨਾ ਅਹੁੜਿਆ।

ਤਦ ਮੈਨੂੰ ਇਹ ਖ਼ਿਆਲ ਆਇਆ ਕਿ ਹੋ ਸਕਦਾ ਹੈ, ਇਹ ਕੇਵਲ ਭਾਸ਼ਾ ਦੀ ਗੱਲ ਹੀ ਹੋਵੇ। 'ਮੈਂ' ਵੀ ਤੇ 'ਅਹੰ' ਵੀ ਸ਼ਬਦ ਹੀ ਤਾਂ ਹਨ। ਤਾਂ ਫਿਰ, ਸ਼ਾਇਦ, ਅਹੰਕਾਰ ਕੇਵਲ ਇਸ ਸ਼ਬਦ 'ਅਹੰ' ਨੂੰ ਘੜਨ ਵਾਲਾ ਤੇ ਇਸ ਨੂੰ ਬਲ ਦੇਣ ਵਾਲਾ ਉਪਕਰਣ ਹੀ ਹੋਵੇ। ਆਖ਼ਰ ਕਈ ਵਿਚਾਰਕਾਂ ਨੇ ਇਸ ਨੂੰ ਸਾਡੀ ਗੱਲਬਾਤ ਦਾ ਗਰੁਤਾ ਕੇਂਦਰ (Centre of gravity) ਕਰਕੇ ਹੀ ਪ੍ਰਵਾਨ ਕੀਤਾ ਹੈ। ਉਨ੍ਹਾਂ ਅਨੁਸਾਰ, 'ਮੈਂ' ਅਥਵਾ ਆਪੇ ਦੀ ਇਕਾਈ ਕੇਵਲ ਇਕ ਨਕਲੀ ਜਾਂ ਬਨਾਵਟੀ ਸੰਕਲਪ ਹੈ। ਇਸ ਦੀ ਅਸਲੀਅਤ, ਭਾਸ਼ਾ ਤੋਂ ਬਾਹਰ ਕੋਈ ਨਹੀਂ। ਐਪਰ, ਮੈਂ ਸੋਚਿਆ, ਅਸੀਂ ਤਾਂ 'ਮੈਂ' ਪਦ 'ਪੁਰਖ' ਵਾਸਤੇ ਵਰਤਦੇ ਹਾਂ। ਇਹ ਬਨਾਵਟੀ ਕਿਵੇਂ ਹੋ ਸਕਦਾ ਹੈ?

ਤਦ ਮੈਂ ਨਵੇਂ ਸਿਰੇ ਇਸ 'ਮੈਂ' ਦੀ ਅਸਲੀਅਤ ਬਾਰੇ ਸੋਚਣ ਲੱਗਾ। ਜਦ ਮੈਂ ਹੋਰ ਗਹੁ ਨਾਲ ਸੋਚਿਆ ਤਾਂ ਇਸ ਦੀ 'ਪੁਰਖਤਾ' ਵੀ ਪਿੱਛੇ ਰਹਿ ਗਈ ਜਾਪੀ। ਇਉਂ ਪ੍ਰਤੀਤ ਹੋਇਆ, ਜਿਵੇਂ 'ਮੈਂ' ਮੇਰੇ ਅੰਦਰ ਦੀ ਚੇਤਨਾ ਦਾ ਨਾਮ ਹੈ। ਜਿਵੇਂ ਆਪਣੀ ਚੇਤਨਾ ਨੂੰ ਹੀ ਅਸਾਂ 'ਮੈਂ' ਆਖਣ ਦਾ ਦਸਤੂਰ ਬਣਾ ਲਿਆ ਹੈ। ਪਰ, ਇਹ ਸੋਚਦਿਆਂ ਵੀ ਮੈਂ ਬਾਹਰਲੇ ਜਗਤ ਦੀ ਚੇਤਨਾ ਵੱਲੋਂ ਹੀ ਸੁਚੇਤ ਸਾਂ। ਤਦ ਖਿਆਲ ਆਇਆ, 'ਮੈਂ' ਬਾਰੇ ਬਾਹਰੋਂ ਤਾਂ ਨਹੀਂ, ਅੰਦਰੋਂ ਹੀ ਕੁਝ ਪਤਾ ਲੱਗ ਸਕਦਾ ਹੈ।

ਮੈਂ ਤਦ ਅੰਤਰਧਿਆਨ ਹੋਣ ਦਾ ਜਤਨ ਕਰਨ ਲੱਗਾ ਤੇ ਅੱਖਾਂ ਮੁੰਦ ਲਈਆਂ। ਬਾਹਰ ਦਾ ਜਗਤ ਅਲੋਪ ਹੋ ਗਿਆ। ਅੰਦਰ ਇਕ ਹਨੇਰਾ ਜਿਹਾ ਵਰਤ ਗਿਆ ਜਿਸ ਵਿਚ ਲੇਸ-ਮਾਤ੍ਰ ਲਾਲੀ ਤੇ ਰਤਾ ਜਹੀ ਪਿਲੱਤਣ ਭਾ ਮਾਰ ਰਹੀ ਸੀ। ਪਰ ਵਿਚਾਰ ਅਜੇ ਵੀ ਲਗਾਤਾਰ ਚੱਲ ਰਹੇ ਹਨ। ਯਾਦਾਂ ਉਪਜਦੀਆਂ ਤੇ ਬਿਨਸਦੀਆਂ, ਸੋਚਾਂ ਆਉਂਦੀਆਂ ਤੇ ਜਾਂਦੀਆਂ, ਕਦੇ ਕਦੇ ਕੋਈ ਬਿੰਬ ਜਿਹਾ ਵੀ ਉਭਰ ਖਲੋਂਦਾ। ਪਰ ਚੇਤਨਾ ਇਕਸਾਰ ਬਣੀ ਹੋਈ ਸੀ।

ਓਦੋਂ ਮੈਨੂੰ ਇਕ ਦੰਦ ਜਹੇ ਦੀ ਪ੍ਰਤੀਤ ਹੋਣ ਲੱਗੀ—ਮਾਨਸਿਕ ਤੇ ਪਦਾਰਥਕ ਜਗਤ ਵਿਚਾਲੇ ਦਾ ਨਹੀਂ, ਸਗੋਂ ਚੇਤਨਾ ਤੇ ਉਸ ਦੀ ਸਮੱਗਰੀ ਵਿਚਾਲੇ ਦਾ, ਸਾਖੀ ਤੇ ਸੁਖਿਆਤ ਵਿਚਾਲੇ ਦਾ ਦੰਦ। ਮੈਨੂੰ ਖਿਆਲ ਆਇਆ, ਸਾਖੀ ਦਾ ਸਥਾਨ ਤਾਂ ਜ਼ਰੂਰ ਸਭ ਤੋਂ ਪ੍ਰਥਮ ਹੋਣਾ ਹੈ। ਸਾਡੀ 'ਮੈਂ' ਤਾਂ ਸਾਡੇ ਲਈ ਸਾਡੀ ਸੀਮਿਤ ਦੁਨੀਆਂ ਦਾ ਕੇਂਦਰ ਸਥਾਪਿਤ ਕਰਦੀ ਹੈ। ਐਪਰ, ਜਦ 'ਮੈਂ' ਨਹੀਂ ਵੀ ਹੁੰਦੀ, ਤਾਂ ਵੀ ਪਦਾਰਥਕ ਸੰਸਾਰ ਤਾਂ ਕਾਇਮ ਹੀ ਰਹਿੰਦਾ ਹੋਣਾ ਹੈ। ਪਰ ਕਈ ਵਿਚਾਰਕ ਚੇਤਨਾ ਨੂੰ ਪ੍ਰਾਥਮਿਕਤਾ ਦੇਣ ਦੀ ਥਾਂ, ਇਸ ਨੂੰ ਦੂਜਾ ਸਥਾਨ ਦੇਂਦੇ ਹਨ। ਉਹ ਤਾਂ ਇਹ ਮੰਨ ਕੇ ਤੁਰਦੇ ਹਨ ਕਿ ਚੇਤਨਾ ਪਦਾਰਥਾਂ ਆਸਰੇ ਹੀ ਖਲੋਤੀ ਹੈ। ਉਨ੍ਹਾਂ ਭਾਣੇ 'ਚੇਤਨਾ' ਪਦਾਰਥਾਂ ਦੇ ਕਿਸੇ ਗੁਣ ਦੀ ਅਭਿਵਿਅੰਜਨਾ ਲਈ ਘੜਿਆ ਗਿਆ ਇਕ ਸ਼ਬਦ ਹੈ—ਜਿਵੇਂ ਪਾਣੀ, ਦੁੱਧ, ਤੇਲ ਦਾ ਸਾਂਝਾ ਗੁਣ ਦਰਸਾਉਣ ਲਈ ਸ਼ਬਦ 'ਤਰਲਤਾ' ਹੈ। ਤਰਲਤਾ ਦੀ ਆਪਣੀ ਨਿਵੇਕਲੀ ਹੋਂਦ ਤਾਂ ਕੋਈ ਨਹੀਂ, ਇਹ ਤਾਂ ਕੁਝ ਵਸਤਾਂ ਦਾ ਇਕ ਸਾਂਝਾ ਗੁਣ ਹੀ ਦੱਸਦਾ ਹੈ। ਇਵੇਂ 'ਮੈਂ' ਵਸਤਾਂ ਨਾਲ ਸੰਬੰਧ ਜੋੜਨ ਖ਼ਾਤਰ ਇਕ ਸੰਬੰਧਵਾਚਕ ਸ਼ਬਦ ਹੈ, ਹੋਰ ਕੁਝ ਵੀ ਹੀਂ। ਇਸ ਦੀ ਆਪਣੀ ਨਿਵੇਕਲੀ ਕੋਈ ਹੋਂਦ ਪ੍ਰਵਾਨ ਨਹੀਂ ਕੀਤੀ ਜਾ ਸਕਦੀ।

ਉਤੀ ਉਪਰੋਕਤ ਵਿਚਾਰ ਨੇ ਮੈਨੂੰ ਇਕ ਅਜੀਬ ਉਲਝਣ ਵਿਚ ਪਾ ਦਿੱਤਾ। ਉਹ ਇਸ ਲਈ ਕਿਉਂਕਿ ਮੈਨੂੰ ਇਸ ਗੱਲ ਦਾ ਤਾਂ ਪੱਕਾ ਨਿਸ਼ਚਾ ਸੀ ਕਿ ਮੈਂ ਹਾਂ। ਇਹ ਸੋਚ ਕੇ ਕਿ 'ਮੈਂ' ਪਦ ਕੇਵਲ ਇਕ ਸੰਬੰਧਵਾਚਕ ਸ਼ਬਦ ਹੈ, ਮੈਨੂੰ ਆਪਣੀ ਹੋਂਦ ਹੀ ਗ਼ੈਰ-ਹਾਜ਼ਰ ਜਾਪਣ ਲੱਗੀ। ਐਸੇ ਨਤੀਜੇ ਦਾ ਨਿਕਲਣਾ ਨਾ ਮੇਰੀ ਅਕਲ ਨੂੰ ਗਵਾਰਾ ਸੀ, ਨਾ ਆਪਣੇ ਆਪ ਨਾਲ ਮੇਰੀ ਲਗਨ ਨੂੰ।

ਇਕ ਹੋਰ ਵਿਚਾਰ ਤਦ ਸਨਮੁਖ ਆਣ ਖੜ੍ਹਾ ਹੋਇਆ। ਮੈਨੂੰ ਲੱਗਾ, ਹੋ ਸਕਦਾ ਹੈ, ਚੇਤਨਾ ਜੋ ਕੁਝ ਵੀ ਹੈ,

ਵਸਤਾਂ ਉੱਪਰ ਪ੍ਰਖੇਪੀ ਹੋਈ ਹੀ ਹੁੰਦੀ ਹੈ। ਕੀ ਵਸਤਾਂ-ਵਿਚਾਰਾਂ ਦੀ ਲਾਗ ਤੋਂ ਮੁਕਤ, ਕੋਈ ਅਣਪ੍ਰਖੇਪੀ ਚੇਤਨਾ ਨਹੀਂ ਹੋ ਸਕਦੀ? ਐਸੀ ਅਣਪ੍ਰਖੇਪੀ ਚੇਤਨਾ ਕਿਸੇ ਵਸਤ ਜਾਂ ਵਿਚਾਰ ਤੋਂ ਜਾਣੂ ਨਹੀਂ ਹੋਵੇਗੀ, ਕੇਵਲ ਆਪਣੇ ਆਪ ਤੋਂ ਹੀ ਜਾਣੂ ਹੋਵੇਗੀ। ਐਸੀ ਚੇਤਨਾ ਜ਼ਰੂਰ ਅਪੁਰਖ ਹੋਵੇਗੀ। ਇਹ ਵੀ ਸੰਭਵ ਹੈ ਕਿ ਐਸੀ ਅਪੁਰਖ ਚੇਤਨਾ ਕਿਸੇ ਵਿਆਪਕ ਵਿਸ਼ਵ-ਚੇਤਨਾ ਦੀ ਅੰਸ਼-ਮਾਤ੍ਰ ਹੀ ਹੋਵੇ।

'ਕੀ ਇਹ ਆਤਮਾ ਹੀ ਤਾਂ ਨਹੀਂ', ਮੈਂ ਸੋਚਿਆ, 'ਜੋ ਪਰਮਾਤਮਾ ਦੀ ਅੰਸ਼-ਮਾਤ੍ਰ ਹੈ?' ਪਰ, ਆਤਮਾ ਤਾਂ ਕਦੇ ਆਪਣੇ ਆਪ ਨੂੰ 'ਮੈਂ' ਨਹੀਂ ਕਹਿੰਦੀ। ਫਿਰ ਇਹ 'ਮੈਂ' ਕੀ ਹੈ, ਅਤੇ ਮੈਂ ਵਾਸਤਵ ਵਿਚ ਕੌਣ ਹਾਂ? ਇਥੇ ਅੱਪੜ ਕੇ ਮੇਰੀ ਅਕਲ ਨੇ, ਮੇਰੇ ਗਿਆਨ ਨੇ ਤੇ ਮੇਰੇ ਤਰਕ ਨੇ ਸਾਰੇ ਹਥਿਆਰ ਸੁੱਟ ਦਿੱਤੇ।

ਫਿਰ ਵੀ ਮੈਂ ਜਦੋਂ ਕਿਸੇ ਨੂੰ 'ਮੈਂ' ਸ਼ਬਦ ਵਰਤਦਿਆਂ ਸੁਣਦਾ ਹਾਂ, ਤਾਂ ਮੈਨੂੰ ਲਗਦਾ ਹੈ, ਉਹ ਕੁਦਰਤ ਦੀ ਇਕ ਅਦੁੱਤੀ ਰਚਨਾ ਬਾਰੇ ਗੱਲ ਕਰ ਰਿਹਾ ਹੈ। ਵੇਖਿਆ ਜਾਵੇ ਤਾਂ ਮਨੁੱਖ ਹੀ ਇਕ ਐਸਾ ਜੀਵ ਹੈ ਜੋ 'ਮੈਂ' ਕਹਿ ਸਕਦਾ ਹੈ ਤੇ ਆਪਣੀ ਨਿਵੇਕਲੀ ਹਸਤੀ ਅਨੁਭਵ ਕਰ ਸਕਦਾ ਹੈ।

ਕਿਹਾ ਜਾਂਦਾ ਹੈ, ਜੋ ਹੋਰਨਾਂ ਨੂੰ ਜਿੱਤਦਾ ਹੈ ਉਹ ਤਾਕਤਵਰ ਗਿਣਿਆ ਜਾਂਦਾ ਹੈ, ਤਾ, ਪਰ ਜੋ ਆਪਣੀ 'ਮੈਂ' ਨੂੰ ਜਿੱਤ ਕੇ ਵਸੀਕਾਰ ਕਰ ਲੈਂਦਾ ਹੈ, ਉਸ ਤੋਂ ਵਧੇਰੇ ਸ਼ਕਤੀਵਾਨ ਕੋਈ ਨਹੀਂ ਹੋ ਸਕਦਾ। ਪਰ ਇਹ 'ਮੈਂ' ਹੈ ਕੀ? ਹੈ ਕਿਥੇ? ਹੈ ਕੌਣ? ਕਿਤੇ ਇਹ ਸਭਤੋਂ ਵੱਡੀ ਮਿਥਿਆ ਤਾਂ ਨਹੀਂ, ਇਕ ਐਸਾ ਝੂਠ ਜੋ ਬੰਦਾ ਆਪਣੇ ਆਪ ਨਾਲ ਬੋਲਦਾ ਹੈ ਫਿਰ ਜਿਸ ਉੱਪਰ ਲਗਾਤਾਰ ਪੂਰਾ ਵਿਸ਼ਵਾਸ ਕਰੀ ਤੁਰੀ ਜਾਂਦਾ ਹੈ? ਕੁਦਰਤ ਤਾਂ ਸਾਨੂੰ ਕਦੇ ਧੋਖਾ ਨਹੀਂ ਦੇਂਦੀ, ਅਸੀਂ ਆਪਣੇ ਆਪ ਨੂੰ ਆਪ ਹੀ ਧੋਖਾ ਦੇਂਦੇ ਹਾਂ। ਇਹ 'ਮੈਂ' ਕਿਧਰੇ ਏਹੋ ਜਿਹਾ ਆਪ-ਸਹੇੜਿਆ ਧੋਖਾ ਤਾਂ ਨਹੀਂ?

ਮੈਂ ਅਜੇ ਵੀ ਨਹੀਂ ਜਾਣਦਾ, ਇਹ 'ਮੈਂ' ਹੈ ਕੀ? ਪਰ ਇਸ ਨੂੰ ਸਮਝਣ ਲਈ ਮੈਂ ਜੋ ਆਤਮ-ਝਾਤ ਮਾਰੀ ਹੈ, ਉਸ ਨੇ ਮੈਨੂੰ ਕਿਤਨਾ ਕੁਝ ਉਹ ਸਿਖਾ ਦਿੱਤਾ ਹੈ ਜਿਸ ਤੋਂ ਪਹਿਲਾਂ ਮੈਂ ਜਾਣੂ ਨਹੀਂ ਸਾਂ! ਸਭ ਤੋਂ ਵੱਧ ਤਾਂ ਇਸ ਨੇ ਮੈਨੂੰ ਨਿਮਰਤਾ ਸਿਖਾਈ ਹੈ। ਉਹ 'ਮੈਂ' ਜਿਸ ਵੱਲੋਂ ਮੈਨੂੰ ਇਤਨਾ ਅਭਿਮਾਨ ਹੈ, ਉਹ ਸ਼ਾਇਦ ਨਿਮਰਤਾ ਭਰਮ ਹੋਵੇ- ਇਸ ਸੰਭਾਵਨਾ ਨੂੰ ਮੈਂ ਅੱਜ ਤਕ ਝੁਠਲਾ ਨਹੀਂ ਰਿਹਾ ਹਾਂ ਉਸ ਵਰਗਾ ਦੂਜਾ ਹੋਰ ਕੋਈ ਨਹੀਂ। ਪਰ, ਇਹ ਵੀ ਸੱਚ ਹੈ ਕਿ ਮੇਰਾ ਆਪਣੇ ਆਪ ਨਾਲ ਜੋ ਫੈਸਲਾ ਹੈ, ਉਹ ਤਾਰਿਆਂ ਨਾਲ ਮੇਰੀ ਵਿੱਥ ਤੋਂ ਕਿਤੇ ਵਧੇਰਾ ਹੈ।

ਲਗਦਾ ਹੈ, ਮਨੁੱਖ ਜੇ ਚਾਹੇ ਵੀ ਤਾਂ ਆਪਣੀ 'ਮੈਂ' ਤੋਂ ਛੁਟਕਾਰਾ ਪ੍ਰਾਪਤ ਨਹੀਂ ਕਰ ਸਕਦਾ। ਉਹ ਤਾਂ ਹੋਰਾਂ ਨੂੰ ਵੀ ਆਪਣੇ ਆਪ ਰਾਹੀਂ ਹੀ ਪਛਾਣਦਾ ਹੈ। ਉਸ ਦੇ ਅੰਦਰ ਇਕ ਐਸਾ ਸਥਾਨ ਹੈ ਜਿੱਥੇ ਉਹ ਨਿੱਪਟ ਇਕੱਲਾ ਵਿਚਰਦਾ ਹੈ। ਓਥੇ ਉਸ ਦਾ ਕੋਈ ਵਿਰੋਧੀ ਨਹੀਂ ਹੁੰਦਾ ਸਿਵਾਏ ਆਪਣੇ ਆਪ ਦੇ। ਮੈਨੂੰ ਤਾਂ ਇੰਜ ਜਾਪਦਾ ਹੈ ਕਿ 'ਮੈਂ-ਮੇਰਾ, ਮੈਨੂੰ' ਨੇ ਸਾਨੂੰ ਅੰਦਰੋਂ-ਬਾਹਰੋਂ ਜਕੜਿਆ ਹੋਇਆ ਹੈ। ਸੋਚ-ਸਾਚ ਕੇ ਮੈਂ ਇਸ ਨਤੀਜੇ 'ਤੇ ਪੁੱਜਾ ਹਾਂ ਕਿ ਅਸੀਂ ਆਪਣੀ 'ਮੈਂ' ਦੀ ਹਨ੍ਹੇਰੀ ਕਾਲ-ਕੋਠੜੀ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਾਂ।

31 ਜੁਲਾਈ ਨੂੰ ਸ਼ਹੀਦੀ ਦਿਹਾੜੇ ਮੌਕੇ

# ਸ਼ਹੀਦ ਊਧਮ ਸਿੰਘ

ਡਾ. ਗੁਰਪ੍ਰੀਤ ਸਿੰਘ

ਊਧਮ ਸਿੰਘ ਦਾ ਜਨਮ ੨੬ ਦਸੰਬਰ ੧੮੯੯ ਈ. ਨੂੰ ਪਟਿਆਲਾ ਰਿਆਸਤ ਦੇ ਸੁਨਾਮ ਕਸਬੇ ਵਿਚ ਇਕ ਗਰੀਬ ਕੰਬੋਜ ਘਰਾਣੇ ਵਿਚ ਹੋਇਆ। ਪਿਤਾ ਦਾ ਨਾਮ ਚੂਹੜ ਰਾਮ ਤੇ ਮਾਤਾ ਦਾ ਨਾਮ ਨਰਾਇਣੀ ਸੀ, ਜੋ ਸਿੱਖ ਧਰਮ ਧਾਰਨ ਕਰਨ ਪਿਛੋਂ ਟਹਿਲ ਸਿੰਘ ਤੇ ਹਰਨਾਮ ਕੌਰ ਬਣ ਗਏ । ਊਧਮ ਸਿੰਘ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ। ਇਸ ਦੇ ਮਾਤਾ ਜੀ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਏ। ਅਕਤੂਬਰ ੧੯੦੭ ਈ. ਵਿਚ ਪਿਤਾ ਜੀ ਵੀ ਚਲਾਣਾ ਕਰ ਗਏ ਤਾਂ ਊਧਮ ਸਿੰਘ ਨੂੰ ਯਤੀਮਖਾਨਾ ਅੰਮ੍ਰਿਤਸਰ ਵਿਚ ਦਾਖ਼ਲ ਕਰਵਾ ਦਿੱਤਾ। ੧੩ ਅਪ੍ਰੈਲ ੧੯੧੯ ਈ. ਨੂੰ ਜਲਿਆਂਵਾਲੇ ਬਾਗ ਵਿਚ ਹੋਏ ਇਕੱਠ ਉਪਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਦੇ ਕਹਿਣ 'ਤੇ ਰੈਜੀਨਾਲਡ ਐਡਵਰਡ ਹੈਰੀ ਡਾਇਰ ਨੇ ਗੋਲੀ ਚਲਾ ਦਿੱਤੀ, ਜਿਸ ਵਿਚ ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਗਏ। ਲਾਸ਼ਾਂ ਨੂੰ ਚੁਕਣ 'ਤੇ ਜ਼ਖ਼ਮੀਆਂ ਦੀ ਦੇਖਭਾਲ ਲਈ ਯਤੀਮਖਾਨੇ ਦੇ ਬੱਚੇ ਲਾਏ ਗਏ ਜਿਨ੍ਹਾਂ ਵਿਚ ਊਧਮ ਸਿੰਘ ਵੀ ਸ਼ਾਮਿਲ ਸੀ । ਊਧਮ ਸਿੰਘ ਇਸ ਕਤਲੇਆਮ ਨੂੰ ਵੇਖ ਕੇ ਅਸ਼ਾਂਤ ਹੋ ਗਿਆ ਸੀ । ੧੦ ਅਪ੍ਰੈਲ ੧੯੨੦ ਈ. ਨੂੰ ਐਡਵਰਡ ਹੈਰੀ ਡਾਇਰ ਨੂੰ ਬਰਖਾਸਤ ਕਰਕੇ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ ਜਿਥੇ ਉਹ ੨੩ ਜੁਲਾਈ ੧੯੨੭ ਈ. ਨੂੰ ਅਧਰੰਗ ਦੀ ਬੀਮਾਰੀ ਨਾਲ ਪੀੜਤ ਹੋ ਕੇ ਮਰਿਆ। ੩੦ ਮਈ ੧੯੧੯ ਈ. ਨੂੰ ਉਡਵਾਇਰ ਵੀ ਇੰਗਲੈਂਡ ਜਾ ਚੁਕੇ ਸਨ। ੧੯੩੩ ਈ. ਵਿਚ ਊਧਮ ਸਿੰਘ 'ਰਾਮ ਮੁਹੰਮਦ ਸਿੰਘ ਆਜ਼ਾਦ' ਦੇ ਨਾਂ ਦਾ ਪਾਸਪੋਰਟ ਬਣਾ ਕੇ ਯੂਰਪ ਪਹੁੰਚ ਗਿਆ। ਇਥੇ ਇਸ ਨੇ ੧੩ ਮਾਰਚ ੧੯੪੦ ਈ. ਨੂੰ ਇਕ ਨੋਟਿਸ ਵੇਖਿਆ ਜਿਸ ਵਿਚ ਕੈਕਸਟਨ ਹਾਲ ਵਿਚ ਹੋ ਰਹੀ ਮੀਟਿੰਗ ਵਿਚ ਉਡਵਾਇਰ ਵੀ ਪਹੁੰਚ ਰਿਹਾ ਸੀ। ਊਧਮ ਸਿੰਘ ਵੀ ਪਹੁੰਚ ਗਿਆ। ਜਦ ਮੀਟਿੰਗ ਖਤਮ ਹੋਈ ਤਾਂ ਊਧਮ ਸਿੰਘ ਅਗੇ ਵਧਿਆ 'ਤੇ ਉਡਵਾਇਰ ਉਪਰ ਗੋਲੀ ਚਲਾ ਦਿੱਤੀ। ਉਡਵਾਇਰ ਦੀ ਛਾਤੀ ਦੇ ਸੱਜੇ ਪਾਸੇ ਦੋ ਗੋਲੀਆਂ ਲੱਗਣ ਨਾਲ ਮਰਿਆ। ਊਧਮ ਸਿੰਘ ਨੂੰ ਫੜ ਲਿਆ ਗਿਆ। ਊਧਮ ਸਿੰਘ ਨੂੰ ਪੈਂਟਨਵਿਲ ਜੇਲ੍ਹ ਵਿਚ ੩੧ ਜੁਲਾਈ ੧੯੪੦ ਨੂੰ ਫਾਂਸੀ ਦੇ ਦਿੱਤੀ ਗਈ। ਇਸ ਤਰ੍ਹਾਂ ਜਲ੍ਹਿਆਵਾਲੇ ਬਾਗ ਦਾ ਬਦਲਾ ਊਧਮ ਸਿੰਘ ਨੇ ਉਡਵਾਇਰ ਦੇ ਘਰ ਇੰਗਲੈਂਡ ਜਾ ਕੇ ਲਿਆ।

# ਨਸ਼ਿਆਂ ਦੀ ਬੁਨਿਆਦ

ਡਾ. ਸ਼ਿਆਮ ਸੁੰਦਰ ਦੀਪਤੀ

ਦਵਾਈਆਂ ਦੀ ਭਾਲ ਅਤੇ ਕਾਢ ਨੇ ਮਨੁੱਖੀ ਜ਼ਿੰਦਗੀ ਵਿਚੋਂ ਦਰਦ ਨੂੰ ਬਾਹਰ ਕੱਢ ਸੁੱਟਣ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਦਵਾਈਆਂ ਦਾ ਕੇਂਦਰੀ ਨੁਕਤਾ ਲੋਕਾਂ ਨੂੰ ਦਰਦ ਤੋਂ ਰਾਹਤ ਪਹੁੰਚਾਉਣਾ ਹੈ ਤੇ ਦਰਦ ਇਕ ਅਜਿਹਾ ਲੱਛਣ ਹੈ ਜੋ ਵਿਅਕਤੀ ਦੀ ਅਸੁਖਾਵੀਂ ਜ਼ਿੰਦਗੀ ਨੂੰ ਤਹਿ 'ਤੇ ਲਿਆਉਂਦਾ ਹੈ ਤੇ ਵਿਅਕਤੀ ਨੂੰ ਇਸ ਦਰਦ-ਨਿਪਟਾਰੇ ਲਈ ਕੋਈ ਕਦਮ ਪੁੱਟਣ ਲਈ ਪ੍ਰੇਰਦਾ ਹੈ।

ਦਵਾਈਆਂ ਦੇ ਇਕ ਵਰਗ ਵਿਚ ਨਸ਼ੀਲੀਆਂ ਦਵਾਈਆਂ ਦਾ ਵਿਸ਼ੇਸ਼ ਵਰਗ ਹੈ ਜੋ ਕਿ ਮੁੱਖ ਤੌਰ 'ਤੇ ‘ਦਰਦ-ਨਿਵਾਰਕ ਹੋਣ ਦੇ ਨਾਲ-ਨਾਲ ਸਰੀਰ 'ਤੇ ਅਜਿਹਾ ਪ੍ਰਭਾਵ ਛੱਡਦਾ ਹੈ ਕਿ ਵਿਅਕਤੀ ਉਨ੍ਹਾਂ ਨੂੰ ਦੁਬਾਰਾ-ਦੁਬਾਰਾ ਲੈਣ ਲਈ ਲਪਕਦਾ ਹੈ। ਨਸ਼ੀਲੀਆਂ ਦਵਾਈਆਂ ਬਾਰੇ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਉਹ ਦਵਾਈਆਂ, ਜਿਨ੍ਹਾਂ ਨੂੰ ਡਾਕਟਰ ਨਹੀਂ ਲਿਖ ਕੇ ਦਿੰਦਾ, ਵਿਅਕਤੀ ਖ਼ੁਦ ਹੀ ਕੈਮਿਸਟ ਕੋਲ ਲੈਣ ਜਾਂਦਾ ਹੈ। ਉਸ ਵਿਅਕਤੀ ਨੂੰ ਦਵਾਈ ਲੈਣ ਦੀ ਲੋੜ ਕਿਸੇ ਵਿਸ਼ੇਸ਼ ਬੀਮਾਰੀ ਦੇ ਇਲਾਜ ਲਈ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਲਈ ਪੈਂਦੀ ਹੈ। ਇਹ ਆਦਤ ਏਨੀ ਵੱਧ ਜਾਂਦੀ ਹੈ ਕਿ ਆਰਥਿਕ ਤੌਰ 'ਤੇ ਮੁਸ਼ਕਿਲ ਹੋ ਜਾਂਦੀ ਤੇ ਸਮਾਜਿਕ ਸਬੰਧਾਂ ਵਿਚ ਵਿਗਾੜ ਪੈ ਜਾਂਦਾ ਹੈ। ਜਿਸ ਦਾ ਅੰਤਿਮ ਸਿੱਟਾ ਇਹ ਹੁੰਦਾ ਹੈ ਕਿ ਵਿਅਕਤੀ ਮਾਨਸਿਕ ਤੌਰ 'ਤੇ ਸੰਤੁਲਨ ਖੋ ਬੈਠਦਾ ਹੈ।

ਉਹ ਕਿਹੜੀ ਪ੍ਰਕ੍ਰਿਆ ਹੈ ਜਿਸ ਦੌਰਾਨ ਇਹ 'ਦਰਦ-ਨਿਵਾਰਕ ਦਵਾਈਆਂ, ਮਨੁੱਖੀ ਜ਼ਿੰਦਗੀ ਵਿਚੋਂ ਦਰਦ ਨੂੰ ਮਨਫ਼ੀ ਕਰਦੇ-ਕਰਦੇ, ਪੂਰੀ ਜ਼ਿੰਦਗੀ ਨੂੰ ਸਗੋਂ ਦਰਦ ਨਾਲ ਭਰ ਦਿੰਦੀਆਂ ਹਨ ਅਤੇ ਇਸ ਦਰਦ ਦਾ ਪਰਛਾਵਾਂ ਪਰਿਵਾਰ, ਸਮਾਜ ਅਤੇ ਦੇਸ਼ ਉੱਪਰ ਸਪੱਸ਼ਟ ਨਜ਼ਰ ਆਉਣ ਲੱਗ ਪੈਂਦਾ ਹੈ।

ਜੇਕਰ ਅਸੀਂ ਮਨੁੱਖੀ ਵਿਕਾਸ ਦੇ ਉਮਰਾਂ ਨਾਲ ਜੁੜੇ ਵਰਤਾਰੇ ਵੱਲ ਝਾਤੀ ਮਾਰੀਏ ਤਾਂ ਬੱਚੇ ਦੇ ਆਪਣੇ ਆਲੇ-ਦੁਆਲੇ ਦੇ ਸਮਝਣ ਦੇ ਦਿਨਾਂ (ਤਕਰੀਬਨ ੨ ਸਾਲ) ਦੀ ਉਮਰ ਤੋਂ ਲੈ ਕੇ ਮੁੱਢਲੀ ਕਿਸ਼ੋਰ ਅਵੱਸਥਾ ਦੇ ਦਿਨਾਂ (ਤਕਰੀਬਨ ੧੩-੧੪ ਸਾਲ) ਤੱਕ ਸਾਰੇ ਬੱਚੇ ਹੀ ਨਸ਼ਿਆਂ ਪ੍ਰਤੀ ਨਾਂਹ-ਪੱਖੀ ਵਤੀਰਾ ਰੱਖਦੇ ਹਨ। ਇੱਥੋਂ ਤੱਕ ਕਿ ਬਹੁਤਿਆਂ ਦਾ ਸੁਭਾਅ ਨਸ਼ਿਆਂ ਪ੍ਰਤੀ ਨਫ਼ਰਤ ਵਾਲਾ ਹੁੰਦਾ ਹੈ। ਭਾਵੇਂ ਉਹ ਬੱਚੇ ਉਨ੍ਹਾਂ ਪਰਿਵਾਰਾਂ ਦੇ ਹੀ ਕਿਉਂ ਨਾ ਹੋਣ ਜਿਥੇ ਘਰ ਵਿਚ ਪਿਉ ਅਤੇ ਹੋਰ ਰਿਸ਼ਤੇਦਾਰ ਰੋਜ਼ਾਨਾਂ ਸ਼ਰਾਬ ਆਦਿ ਪੀਂਦੇ ਹੋਣ।

ਫਿਰ ਇਹ ਵਰਤਾਰਾ ਕਿਉਂ ਵਾਪਰਦਾ ਹੈ? ਕਿਉਂਕਿ ਉਹ ਬੱਚੇ ਜੋ ਕਦੇ ਨਸ਼ਿਆਂ ਤੋਂ ਨਫ਼ਰਤ ਕਰਦੇ ਹਨ, ਖ਼ੁਦ ਹੀ ਇਨ੍ਹਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਸਥਿਤੀ ਨੂੰ ਜਾਨਣ ਲਈ, ਇਕ ਸਰਵੇਖਣ ਦਾ ਹਵਾਲਾ ਦੇਣਾ ਚਾਹਾਂਗਾ-ਇਸ ਸਰਵੇਖਣ ਵਿਚ, ਸ਼ਰਾਬ ਪੀਣ ਵਾਲੇ ਲੋਕਾਂ ਵਿਚ (ਇਹ ਨਸ਼ਾ ਜੋ ਕਿ ਸਮਾਜਿਕ ਤੌਰ 'ਤੇ ਪ੍ਰਵਾਣਿਤ ਨਸ਼ਾ ਹੈ) ਬਾਰੇ ਇਕ ਸਵਾਲ ਇਹ ਪੁੱਛਿਆ ਗਿਆ ਕਿ ਉਹ ਸ਼ਰਾਬ ਕਿਉਂ ਪੀਂਦੇ ਹਨ ? ਕੀ ਕਾਰਨ ਹੈ?

ਉਸ ਸਰਵੇਖਣ ਦੇ ਜੁਆਬ, ਕੁਝ ਇਸ ਤਰ੍ਹਾਂ ਸਨ :-

ਸ਼ਰਾਬ ਖੁਸ਼ੀ ਪ੍ਰਗਟਾਉਣ ਦਾ ਸਭ ਤੋਂ ਵਧੀਆ ਢੰਗ ਹੈ, ਕਈ ਵਾਰੀ ਮਸਤੀ ਵਿਚ ਆਉਣ ਨੂੰ ਜੀ ਕਰਦਾ ਹੈ, ਇਸ ਨਾਲ ਮੇਰੀਆਂ ਚਿੰਤਾਵਾਂ ਤੇ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ, ਉਹਨਾਂ ਨੂੰ ਭੁੱਲਣ ਵਿਚ ਮੇਰੀ ਮਦਦ ਕਰਦੀ ਹੈ। ਸ਼ਰਾਬ ਨਾਲ ਮੇਰੇ ਸਵੈ-ਭਰੋਸੇ ਵਿਚ ਵਾਧਾ ਹੁੰਦਾ ਹੈ ਤੇ ਮੈਨੂੰ ਆਪਣਾ ਆਪ ਮਜ਼ਬੂਤ ਲੱਗਦਾ ਹੈ; ਮੈਂ ਸ਼ਰਾਬ

ਪੀਨਾ, ਜਦੋਂ ਮੈਂ ਤਨਾਉ ਵਿਚ ਹੁੰਦਾ ਹਾਂ; ਮੈਂ ਸ਼ਰਾਬ ਪੀਨਾ, ਕਿਉਂਕਿ ਮੇਰੇ ਕੋਲ ਕੁਝ ਹੁੰਦਾ ਨਹੀਂ ਕਰਨ ਨੂੰ; ਇਸ ਕਰਕੇ ਪੀ ਲਈਦੀ ਹੈ ਕਿ ਚਾਰ ਦੋਸਤ ਮਿਲੇ ਹਾਂ, ਚਲੋ ਪੀ ਲਵੋ।

ਇਹ ਜਵਾਬ ਲਗਭਗ ਸਾਰੇ ਨਸ਼ਿਆਂ ਦੀ ਵਰਤੋਂ ਦੀ ਮਾਨਸਿਕ ਸਥਿਤੀ ਦਰਸਾਉਂਦੇ ਹਨ। ਜੇਕਰ ਇਹਨਾਂ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਆਪਾਂ ਨਸ਼ਈ ਦੀ ਮਾਨਸਿਕ ਸਥਿਤੀ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ :

(ੳ) ਇਕੱਲਤਾ ਦਾ ਅਹਿਸਾਸ,

(ਅ) ਸਮੱਸਿਆਵਾਂ ਦਾ ਹੱਲ,

(ੲ) ਆਪਣੇ ਆਪ 'ਤੇ ਭਰੋਸਾ ਨਾ ਹੋਣਾ,

(ਸ) ਮਸਤੀ ਜਾਂ ਖ਼ੁਸ਼ੀ ਵਿਚ ਆਉਣਾ।

ਜੇਕਰ ਇਨ੍ਹਾਂ ਚਾਰੇ ਸਥਿਤੀਆਂ ਦਾ ਇਕ ਕੇਂਦਰ ਬਿੰਦੂ ਲੱਭਣਾ ਹੋਵੇ ਤਾਂ ਉਹ ਹੈ 'ਦਰਦ ਨਿਵਾਰਨ। ਮਨੁੱਖ ਸਮਾਜਿਕ ਪ੍ਰਾਣੀ ਹੈ ਜੋ ਇਕੱਲਾ ਹੋਣ 'ਤੇ ਦਰਦ ਮਹਿਸੂਸ ਕਰਦਾ ਹੈ। ਸਮੱਸਿਆਵਾਂ ਵੇਲੇ ਜਾਂ ਉਨ੍ਹਾਂ ਨੂੰ ਨਜਿੱਠਣ ਦਾ ਹੀਆ ਨਾ ਹੋਣਾ ਵੀ 'ਦਰਦਾ ਦੇਂਦਾ ਹੈ । ਵਿਹਲਾਪਣ, ਕੁਝ ਕਰਨ ਨੂੰ ਨਾ ਹੋਣਾ ਜਾਂ ਕੁਝ ਕਰਨ ਵਿਚ ਖ਼ੁਸ਼ੀ ਨਾ ਹੋਣੀ; ਤਾਂ ਇਨ੍ਹਾਂ ਹਾਲਾਤਾਂ ਵਿਚ ਵਿਅਕਤੀ 'ਨਸ਼ੇ ਦਾ ਸਹਾਰਾ' ਲੈ ਕੇ 'ਵਕਤੀ ਖੁਸ਼ੀ' ਹਾਸਿਲ ਕਰਦਾ ਹੈ।

ਨਸ਼ੇ ਕਰਨ ਨਾਲ ਵਾਪਰਦਾ ਕੀ ਹੈ ?

ਇਸ ਬਾਰੇ ਜਾਣਕਾਰੀ ਹਾਸਿਲ ਕਰਕੇ ਆਪਾਂ ਗੱਲਾਂ ਨੂੰ ਹੋਰ ਸਪੱਸ਼ਟ ਕਰ ਸਕਦੇ ਹਾਂ। ਸ਼ਰਾਬ ਦੀ ਉਦਾਹਰਣ ਨਾਲ ਹੀ ਗੱਲ ਕਰਦੇ ਹਾਂ ਕਿ ਦਰਅਸਲ ਨਸ਼ੇ ਸਰੀਰ ਵਿਚ ਪ੍ਰਵੇਸ਼ ਕਰਨ ਮਗਰੋਂ ਕਿਸ ਤਰ੍ਹਾਂ ਦਾ ਅਸਰ ਕਰਦੇ ਹਨ ?

ਸਾਡੇ ਦਿਮਾਗ਼ ਦੇ ਦੋ ਮੁੱਖ ਹਿੱਸੇ ਹਨ। ਸੈਰੀਬਰਮ ਤੇ ਸੈਰੀਬੈਲਮ। ਸੈਰੀਬਰਮ ਕਾਫ਼ੀ ਵੱਡਾ ਹਿੱਸਾ ਹੈ ਜੋ ਕਿ ਮਨੁੱਖ ਦੇ ਵਿਕਾਸ ਨਾਲ ਵਿਕਸਿਤ ਹੋਇਆ ਹੈ। ਇਹ ਮਨੁੱਖੀ ਵਿਵੇਕ, ਅਕਲਮੰਦ, ਤਰਕਸ਼ੀਲਤਾ ਵਾਲਾ ਹਿੱਸਾ ਹੈ। ਮਨੁੱਖ ਦੇ ਅੱਜ ਤੱਕ ਦੇ ਸਾਰੇ ਵਿਕਾਸ ਦਾ ਕਾਰਨ ਇਹੋ ਹੀ ਹੈ। ਦੂਸਰਾ ਹਿੱਸਾ ਸੈਰੀਬੈਲਮ, ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਜਿਵੇਂ ਭੁੱਖ, ਸੈਕਸ ਆਦਿ ਦਾ ਮਾਲਕ ਹੈ। ਵਿਕਾਸ ਦੇ ਦੌਰ ਵਿਚ ਇਹ ਹੌਲੀ-ਹੌਲੀ ਘੱਟ ਹੋਇਆ ਹੈ। ਇਹ ਕੁਦਰਤੀ ਪ੍ਰਵਿਰਤੀਆਂ ਹਨ। ਜਾਨਵਰਾਂ ਵਿਚ ਸਭ ਕੁਝ ਉਹਨਾਂ ਦੇ ਹਾਰਮੋਨਜ਼ ਰਾਹੀਂ ਕੰਟਰੋਲ ਹੁੰਦਾ ਹੈ। ਮਨੁੱਖ ਨੇ ਸਮਾਜ ਨੂੰ ਹੋਂਦ ਵਿਚ ਲਿਆ ਕੇ, ਕੁਝ ਨਿਯਮਾਂ ਨੂੰ ਬਣਾ ਕੇ ਇਕ ਕੰਟਰੋਲ ਸਮਾਜਿਕ ਮਾਹੌਲ ਕੋਲ ਵੀ ਰੱਖਿਆ ਹੈ, ਜੋ ਕਿ ਸਾਡੇ ਰੀਤੀ-ਰਿਵਾਜ਼ ਹਨ।

ਸ਼ਰਾਬ ਪੀਣ ਨਾਲ ਹੁੰਦਾ ਇਹ ਹੈ ਕਿ ਸੈਰੀਬਰਮ ਇਕ ਤਰ੍ਹਾਂ ਨਾਲ ਬੇਹੋਸ਼ ਹੋ ਜਾਂਦਾ ਹੈ। ਮਨੁੱਖ ਦੀ ਵਿਵੇਕ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇੰਜ ਕਹਿ ਲਵੋ ਕਿ ਅਕਲ ਨੂੰ ਤਾਲਾ ਲੱਗ ਜਾਂਦਾ ਹੈ। ਵਿਵੇਕ ਸ਼ਕਤੀ ਹੀ ਸੈਰੀਬੈਲਮ ਨੂੰ ਕੰਟਰੋਲ ਕਰਦੀ ਹੈ। ਹੁਣ ਇਸ ਸਥਿਤੀ ਵਿਚ ਸੈਰੀਬੈਲਮ 'ਤੇ ਕੰਟਰੋਲ ਨਹੀਂ ਰਹਿੰਦਾ ਜਾਂ ਕਹਿ ਲਵੋ ਕਿ ਉਹ ਸਮਾਜਿਕ ਰੀਤੀ-ਰਿਵਾਜ਼ਾਂ ਦਾ ਬੰਧਨ ਚੁੱਕਿਆ ਜਾਂਦਾ ਹੈ ਤੇ ਮਨੁੱਖ ਦਾ ਵਿਵਹਾਰ ਲਾਪਰਵਾਹੀ ਵਾਲਾ, ਬੇਪਰਵਾਹੀ ਵਾਲਾ ਹੋ ਜਾਂਦਾ ਹੈ। ਉਸ ਨੂੰ ਸੰਗ ਨਹੀਂ ਰਹਿੰਦੀ (ਸਮਾਜਿਕ ਬੰਧਨ)। ਉਸ ਉੱਪਰ 'ਪਸ਼ੂ ਪ੍ਰਵਿਰਤੀਆਂ ਹਾਵੀ ਹੋ ਜਾਂਦੀਆਂ ਹਨ।

ਇਸ ਤਰ੍ਹਾਂ ਨਾਲ ਜਦੋਂ ਕੋਈ ਨਸ਼ਾ ਕਰਦਾ ਹੈ ਤਾਂ ਉਸ ਦਾ ਭਰੋਸਾ ਵੱਧ ਜਾਂਦਾ ਹੈ, ਗੱਲ ਕਰਨ ਦੀ ਤਾਕਤ (ਬੋਲਣ ਦੀ-ਨਾ ਕਿ ਤਰਕ ਕਰਨ ਦੀ) ਵੱਧ ਜਾਂਦੀ ਹੈ। ਬੰਧਨ ਨਾ ਰਹਿਣ ਕਾਰਨ ਉਹ ਹਲਕਾ-ਹਲਕਾ ਮਹਿਸੂਸ ਕਰਦਾ ਹੈ।

ਇਸ ਤਰ੍ਹਾਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਸ਼ਰਾਬ ਜਾਂ ਕਿਸੇ ਵੀ ਨਸ਼ੇ ਨਾਲ ਇਕ ਵੱਖਰੀ ਦੁਨੀਆਂ ਬਣਦੀ ਹੈ ਜੋ ਕਿ ਉਸ ਨੂੰ ਰੰਗੀਨ ਲੱਗਦੀ ਹੈ। ਪਰ ਨਸ਼ੇ ਤਾਂ ਆਰਜ਼ੀ ਹੁੰਦੇ ਹਨ ਅਤੇ ਨਸ਼ਈ ਇਕ ਵਾਰ ਉਸ ਦੁਨੀਆਂ

ਵਿਚ ਜਾਣ ਮਗਰੋਂ ਫਿਰ ਵਾਪਸ ਨਹੀਂ ਪਰਤਣਾ ਚਾਹੁੰਦਾ ਤੇ ਵਾਰ-ਵਾਰ ਓਧਰ ਰੁਚਿਤ ਹੁੰਦਾ ਹੈ। ਉਸੇ ਮਾਹੌਲ ਦੀ ਲਾਲਸਾ ਕਰਦਾ ਹੋਇਆ, ਉਸ ਵੱਲ ਖਿੱਚਿਆ ਜਾਂਦਾ ਹੈ।

ਦੂਸਰੀ ਗੱਲ ਇਹ ਕਿ ਅਸੀਂ ਇਹ ਵੀ ਸਿੱਟਾ ਕੱਢ ਸਕਦੇ ਹਾਂ ਕਿ ਨਸ਼ਈ ਦੀ ਜ਼ਿੰਦਗੀ ਵਿਚ ਕਿਤੇ ਕੋਈ ਘਾਟ ਹੈ ਜੋ ਕਿ ਉਸ ਦੀ ਜ਼ਿੰਦਗੀ ਨੂੰ ਸੁਖਾਵਾਂ ਨਹੀਂ ਕਰ ਰਹੀ। ਦਰਅਸਲ ਅਚੇਤ ਮਨ ਵਿਚ ਉਹ ਉਸ ਤਰ੍ਹਾਂ ਦੀ ਜ਼ਿੰਦਗੀ (ਖੁਸ਼ੀਆਂ-ਖੇੜਿਆਂ ਵਾਲੀ, ਸਵੈ-ਭਰੋਸੇ ਵਾਲੀ, ਮਸਤੀ ਵਾਲੀ, ਬੰਧਨਾਂ ਤੋਂ ਛੁਟਕਾਰੇ ਵਾਲੀ) ਚਾਹੁੰਦਾ ਹੈ, ਜੋ ਉਸ ਨੇ ਨਸ਼ੇ ਦੇ ਲੋਰ ਵਿਚ ਦੇਖੀ ਜਾਂ ਕੁਝ ਸਮੇਂ ਲਈ ਜੀਵੀ ਹੁੰਦੀ ਹੈ ਜਾਂ ਇਸ ਤਰ੍ਹਾਂ ਕਹੀਏ ਕਿ ਜੇਕਰ ਉਸ ਵਿਅਕਤੀ ਨੂੰ ਅਜਿਹਾ ਰੰਗੀਨ ਮਾਹੌਲ ਮਿਲ ਜਾਵੇ ਤਾਂ ਉਹ ਨਸ਼ਿਆਂ ਵੱਲ ਕਿਉਂ ਜਾਵੇ?

ਹੁਣ ਅਸੀਂ ਵਾਪਸ ਉਸੇ ਗੱਲ 'ਤੇ ਆਉਂਦੇ ਹਾਂ ਕਿ ਕੋਈ ਨਸ਼ਾ ਕਿਉਂ ਕਰਦਾ ਹੈ ਤੇ ਵਾਰੀ-ਵਾਰੀ ਉਸ ਵੱਲ ਕਿਉਂ ਖਿੱਚਿਆ ਜਾਂਦਾ ਹੈ। ਇਸ ਦਾ ਵਿਗਿਆਨਕ ਵਿਸ਼ਲੇਸ਼ਣ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ? ਕੋਈ ਵੀ ਬੀਮਾਰੀ ਹੋਣ ਲਈ ਤਿੰਨ ਸਥਿਤੀਆਂ ਦੀ ਲੋੜ ਹੁੰਦੀ ਹੈ।

- ਮਨੁੱਖ (ਜਿਸ ਨੂੰ ਬੀਮਾਰੀ ਹੋਣੀ ਹੈ)।
- ਬੀਮਾਰੀ ਦਾ ਏਜੰਟ (ਜਿਵੇਂ ਜੀਵਾਣੂ, ਵਿਸ਼ਾਣੂ, ਕੋਈ ਰਸਾਇਣਕ ਪਦਾਰਥ-ਜਿਵੇਂ ਵਿਟਾਮਿਨ ਦੀ ਘਾਟ, ਉਸੇ ਤਰ੍ਹਾਂ ਜ਼ਿੰਦਗੀ ਵਿਚ ਪਿਆਰ ਦੀ ਘਾਟ, ਲੋਕਾਂ ਵੱਲੋਂ ਹੌਸਲੇ ਦੀ ਘਾਟ ਵਗੈਰਾ)।
- ਸਾਡਾ ਆਲਾ-ਦੁਆਲਾ (ਪਰਿਵਾਰਕ ਮਾਹੌਲ, ਸਕੂਲ, ਕਾਲਜ, ਕੰਮ ਵਾਲੀ ਥਾਂ, ਰਾਜਨੀਤੀ, ਆਰਥਿਕ ਮਾਹੌਲ, ਸਮਾਜਿਕ ਮਾਹੌਲ ਆਦਿ ।

ਇਸ ਪ੍ਰਕਾਰ ਤਿੰਨਾਂ ਦਾ ਸੁਮੇਲ ਹੀ ਨਸ਼ਿਆਂ ਵੱਲ ਪ੍ਰੇਰਿਤ ਕਰਦਾ ਹੈ ਅਤੇ ਜੇਕਰ ਕਿਸੇ ਤਰ੍ਹਾਂ ਵੀ ਭਵਿੱਖ ਵਿਚ ਨਸ਼ਿਆਂ ਨੂੰ ਖ਼ਤਮ ਕਰਨ ਦੀ ਕੋਈ ਯੋਜਨਾ ਬਨਾਉਣੀ ਹੈ, ਉਸ ਲਈ ਵੀ ਤਿੰਨੇ ਪਹਿਲੂ ਸਮਝਣ ਦੀ ਲੋੜ ਹੈ।

ਮਨੁੱਖ ਦਾ ਵਿਕਾਸ ਵੀ ਸਮਾਜਿਕ ਮਾਹੌਲ ਵਿਚ ਹੁੰਦਾ ਹੈ। ਉਸ ਦਾ ਆਲਾ-ਦੁਆਲਾ ਹੀ ਮਨੁੱਖੀ ਸ਼ਖ਼ਸੀਅਤ ਨੂੰ ਉਸਾਰਦਾ, ਸੰਵਾਰਦਾ, ਨਿਖਾਰਦਾ ਹੈ ਜਾਂ ਇਸ ਦੇ ਉੱਲਟ ਉਸ ਦੀ ਸ਼ਖ਼ਸੀਅਤ ਨੂੰ ਤੋੜ ਦਿੰਦਾ ਹੈ। ਇਸ ਤਰੀਕੇ ਨਾਲ ਨਸ਼ਿਆਂ ਵਿਚ ਡੁੱਬੇ ਸਮਾਜ ਨੂੰ ਸਮਝਣ ਅਤੇ ਸਹੀ ਦਿਸ਼ਾ ਵੱਲ ਲੈ ਜਾਣ ਲਈ ਮਾਹੌਲ ਦਾ ਬਹੁਤ ਵੱਡਾ ਹੱਥ ਹੈ। ਜੇ ਕਿਸੇ ਵਿਅਕਤੀ ਦੀ ਪਰਵਰਿਸ਼ ਚੰਗੇ-ਸਿਹਤਮੰਦ ਮਾਹੌਲ ਵਿਚ ਹੋਈ ਹੋਵੇਗੀ ਤਾਂ ਉਸ ਤਾਕਤਵਰ ਸ਼ਖ਼ਸੀਅਤ ਦੇ ਤਹਿਤ ਉਹ ਕਿਸੇ ਅਣਸੁਖਾਵੇਂ ਵਾਤਾਵਰਣ ਵਿਚ ਉਲਾਰ ਨਹੀਂ ਹੋਵੇਗਾ। ਭਾਵ ਨਸ਼ਿਆਂ ਦਾ ਸਹਾਰਾ ਨਹੀਂ ਲੱਭੇਗਾ। ਇਸ ਤਰ੍ਹਾਂ ਆਲਾ-ਦੁਆਲਾ ਸਾਡਾ ਸਮਾਜ ਨਸ਼ਿਆਂ ਤੋਂ ਬਚਾਅ ਲਈ ਦੋਹਰੀ ਭੂਮਿਕਾ ਅਦਾ ਕਰਦਾ ਹੈ।

ਨਸ਼ੇ ਕਰਨ ਵਾਲੇ ਲੋਕਾਂ ਦੇ ਆਲੇ-ਦੁਆਲੇ ਫੈਲੇ ਕੁਝ ਕੁ ਕਾਰਨਾਂ ਦਾ ਵੇਰਵਾ ਲਈਏ ਤਾਂ ਉਹ ਪ੍ਰਤੱਖ ਰੂਪ ਵਿਚ ਇਸ ਤਰਾਂ ਦੇ ਹਨ: ਟੁੱਟੇ-ਥਿੜਕੇ ਘਰ, ਪਤੀ-ਪਤਨੀ ਵਿੱਚ ਤਣਾਉ, ਬੇਰੁਜ਼ਗਾਰੀ, ਘੱਟ ਰੁਜ਼ਗਾਰੀ, ਘਰ ਤੋਂ ਦੂਰੀ, ਸ਼ਹਿਰੀ ਜੀਵਨ ਦੀਆਂ ਪਰੇਸ਼ਾਨੀਆਂ, ਅਧੂਰਾ ਪਰਿਵਾਰ (ਮਾਂ ਜਾਂ ਪਿਉ ਦਾ ਨਾ ਹੋਣਾ), ਸੋਹਣੇ ਸੁਪਨੇ, ਤਲਖ਼ ਹਕੀਕਤਾਂ, ਨਸ਼ਿਆਂ ਤੱਕ ਆਸਾਨ ਪਹੁੰਚ, ਦਵਾਈਆਂ ਦਾ ਗਲਤ ਇਸਤੇਮਾਲ ਵਗੈਰਾ-ਵਗੈਰਾ। ਇਸ ਤੋਂ ਇਲਾਵਾ ਅਪ੍ਰਤੱਖ ਕਾਰਨ ਹੋਰ ਵੀ ਹਨ ਜੋ ਕਿ ਮਨੁੱਖ ਦੇ ਅਚੇਤ ਮਨ ਵਿਚ ਦੱਬੇ ਹੋਏ ਪ੍ਰਭਾਵ ਹੀ ਜ਼ਿਆਦਾਤਰ ਮਨੁੱਖ ਨੂੰ ਕ੍ਰਿਆਸ਼ੀਲ ਕਰਦੇ ਹਨ। ਇਹ ਪ੍ਰਭਾਵ ਵੀ ਜ਼ਿਆਦਾਤਰ ਬਚਪਨ ਵੇਲੇ ਕਬੂਲੇ ਹੁੰਦੇ ਹਨ, ਜਦੋਂ ਕਿ ਬੱਚਾ ਬਹੁਤਾ ਬਿਬੇਕਸ਼ੀਲ ਨਹੀਂ ਹੁੰਦਾ ਅਤੇ ਮਾਹੌਲ ਵਿਚੋਂ ਉਸ ਨੂੰ ਬਿਬੇਕਸ਼ੀਲ ਜੁਆਬ ਨਹੀਂ ਮਿਲਦਾ।

ਇਹ ਤਿੰਨੇ ਪਹਿਲੂਆਂ ਦਾ ਸੁਮੇਲ ਹੀ, ਅਜਿਹੀ ਸਥਿਤੀ ਪੈਦਾ ਕਰਦਾ ਹੈ। ਕਿ ਵਿਅਕਤੀ ਨਸ਼ਿਆਂ ਵੱਲ ਖਿੱਚਿਆ ਜਾਂਦਾ ਹੈ।

ਕਿਸ਼ੋਰ ਅਵੱਸਥਾ : ਨਸ਼ਿਆਂ ਦੀ ਬੁਨਿਆਦ ਦਾ ਸਮਾਂ ਕਿਵੇਂ ਹੈ?

ਕਿਸ਼ੋਰ ਅਵੱਸਥਾ ਵਿਚ ਜੋ ਸਰੀਰਕ, ਮਾਨਸਿਕ ਅਤੇ ਸਮਾਜਿਕ ਤਬਦੀਲੀਆਂ ਵਾਪਰਦੀਆਂ ਹਨ ਜਾਂ ਜਿਸ ਤਰ੍ਹਾਂ ਦੀਆਂ ਸਰੀਰਕ, ਮਾਨਸਿਕ ਅਤੇ ਸਮਾਜਿਕ ਤਬਦੀਲੀਆਂ ਸਾਹਮਣੇ ਉਸ ਨੂੰ ਦੋ-ਚਾਰ ਹੋਣਾ ਪੈਂਦਾ ਹੈ, ਉਹ ਨਿਸ਼ਚਿਤ ਹੀ ਤਨਾਉਪੂਰਨ ਹੁੰਦੀਆਂ ਹਨ ਅਤੇ ਜੇਕਰ ਉਨ੍ਹਾਂ ਨੂੰ ਸਹਿਜਪੂਰਨ ਢੰਗ ਨਾਲ ਨਹੀਂ ਨਜਿੱਠਿਆ ਜਾਂਦਾ ਤਾਂ ਉਹ ਨਿਸ਼ਚਿਤ ਹੀ ਨਸ਼ਿਆਂ ਵਿਚ ਆਪਣਾ ਰਾਹ ਤਲਾਸ਼ ਕਰਦੀਆਂ ਹਨ।

ਕਿਸ਼ੋਰ ਅਵੱਸਥਾ ਦੇ ਵਿਕਾਸ ਦੇ ਦੋ ਅਹਿਮ ਪਹਿਲੂ ਹਨ :

- ਤਜਰਬੇ ਕਰਨਾ
- ਉਮਰ ਦਾ ਤਨਾਉਪੂਰਨ ਮਾਹੌਲ ਤੇ ਫਿਰ ਨਸ਼ੇ ਵੀ ਹਰ ਪਾਸੇ ਆਰਾਮ ਨਾਲ ਮਿਲ ਜਾਣ, ਤਾਂ ਇਹ ਤਿੰਨ ਪਹਿਲੂ ਨਸ਼ੇ ਦੀ ਸ਼ੁਰੂਆਤ ਕਰਨ ਵਿਚ ਸਹਾਈ ਬਣਦੇ ਹਨ।

ਨਸ਼ਿਆਂ ਦੀ ਪਹਿਲੀ ਸ਼ੁਰੂਆਤ ਬਾਰੇ ਹੋਏ ਇਕ ਸਰਵੇਖਣ ਅਨੁਸਾਰ ਨਸ਼ਿਆਂ 'ਚ ਗ੍ਰਸਤ ਹੋਣ ਦੀ ਉਮਰ ੧੩ ਤੋਂ ੨੪ ਕੁ ਸਾਲ ਹੈ।

ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਅੱਠਵੀਂ ਤੋਂ ਦਸਵੀਂ ਤੱਕ ਦੇ ਸਮੇਂ ਵਿਚ, ਸਕੂਲ ਵਿਚ ਜਾ ਰਹੇ ਬੱਚਿਆਂ ਵਿਚ ਨਸ਼ਿਆਂ ਦੀ ਜੋ ਵਰਤੋਂ ਹੁੰਦੀ ਹੈ ਉਹ ਸੜਕ ਦੇ ਹਰ ਮੋੜ 'ਤੇ ਮਿਲ ਜਾਂਦੇ ਹਨ ਅਤੇ ਸ਼ਰਾਬ ਦੀ ਵਰਤੋਂ, ਖਾਸ ਕਰ ਪੰਜਾਬ ਵਿਚ ਹਰ ਜਸ਼ਨ ਦੇ ਮੌਕੇ (ਜਨਮ ਦਿਨ, ਵਿਆਹ ਆਦਿ) ਹੁੰਦੀ ਦੇਖੀ ਜਾਂਦੀ ਹੈ। ਇਸੇ ਲਈ ਸ਼ਰਾਬ ਅਤੇ ਤੰਬਾਕੂ ਨੂੰ 'ਨਸ਼ਿਆਂ ਦਾ ਪ੍ਰਵੇਸ਼ ਦਰਵਾਜ਼ਾ' ਵੀ ਕਹਿੰਦੇ ਹਨ। ਜਦੋਂ ਵੀ ਪਹਿਲੀ ਵਾਰ ਕੋਈ ਇਨ੍ਹਾਂ ਨਸ਼ਿਆਂ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਭਾਵੇਂ ਪਤਾ ਵੀ ਹੋਵੇ ਕਿ ਇਸ ਦਾ ਆਦੀ ਹੋ ਕੇ ਨੁਕਸਾਨ ਹੋਵੇਗਾ, ਪਰ ਹਰ ਵਿਅਕਤੀ ਇਹ ਸੋਚਦਾ ਹੈ ਕਿ ਇਹ ਮੇਰੇ ਨਾਲ ਨਹੀਂ ਵਾਪਰ ਸਕਦਾ। ਇਕ ਵਾਰੀ ਤਜਰਬਾ ਕਰਕੇ ਦੇਖੀਏ ਤਾਂ ਸਹੀ ਕਿ ਹੁੰਦਾ ਕੀ ਹੈ? ਇਸੇ ਭਾਵਨਾ ਦਾ ਫਾਇਦਾ ਹੀ ਉਹ ਨੌਜਵਾਨ ਲੈਂਦੇ ਹਨ ਜੋ ਲੋਕਾਂ ਨੂੰ ਨਸ਼ਿਆਂ ਵੱਲ ਖਿੱਚ ਕੇ ਹੋਰਾਂ ਨੂੰ ਆਪਣਾ ਜੋਟੀਦਾਰ ਬਣਾਉਣਾ ਚਾਹੁੰਦੇ ਹਨ। ਸਮਕਾਲੀ ਦੋਸਤਾਂ ਦੇ ਗਰੁੱਪ ਦਾ ਦਬਾਅ ਵੀ, ਕਈ ਵਾਰ ਤਜਰਬਾ ਕਰਨ ਲਈ ਪ੍ਰੇਰਦਾ ਹੈ ਤੇ ਮਨ ਵਿਚ ਇਹੀ ਹੁੰਦਾ ਹੈ 'ਕੀ ਹੋਣ ਲੱਗਿਐ, ਅੱਜ ਕਰ ਕੇ ਦੇਖੀਏ ਤਾਂ ਸਹੀ'।

ਪਰ ਇਕ ਸਰਵੇਖਣ ਇਹ ਵੀ ਦੱਸਦਾ ਹੈ ਕਿ ਜੇ ਸੌ ਵਿਅਕਤੀ ਤਜਰਬਾ ਕਰਨ ਲਈ ਨਸ਼ੇ ਸ਼ੁਰੂ ਕਰਨ ਤਾਂ ਉਸ ਵਿਚੋਂ ਚਾਰ ਫੀਸਦੀ ਨਸ਼ਈ (ਨਸ਼ੇ ਦੇ ਆਦੀ, ਜਿਨ੍ਹਾਂ ਨੂੰ ਭਵਿੱਖ ਵਿਚ ਨਸ਼ੇ ਛੁਡਾਉਣ ਲਈ ਉਪਰਾਲੇ ਕਰਨੇ ਪੈਣ) ਹੋ ਜਾਂਦੇ ਹਨ। ਸ਼ਰਾਬ ਅਤੇ ਤੰਬਾਕੂ ਦੇ 'ਸਮਾਜਿਕ ਮਾਨਤਾ ਪ੍ਰਾਪਤ ਸੇਵਨ ਕਰਨ ਦੀ ਤਾਦਾਦ ਤਾਂ ਬਹੁਤ ਵੱਡੀ ਹੈ।

ਨਸ਼ਿਆਂ ਦੇ ਇਸ ਪਰਿਪੇਖ ਵਿੱਚ ਗੱਲ ਕਰੀਏ ਤਾਂ ਅੱਜ ਨੌਜਵਾਨਾਂ ਨੂੰ ਬਰਬਾਦ ਕਰਨ ਲਈ ਕਈ ਅਜਿਹੇ ਨਸ਼ੇ ਸਮੈਕ ਵਰਗੇ ਚੱਲ ਪਏ ਹਨ ਜੋ ਇੱਕ ਵਾਰੀ ਤਜਰਬਾ ਕਰਨ ਬਾਅਦ ਹੀ ਵਿਅਕਤੀ ਨੂੰ ਉਸ ਦਾ ਆਦੀ ਬਣਾ ਦਿੰਦੇ ਹਨ। ਫਿਰ ਬਰਬਾਦੀ ਤੋਂ ਇਲਾਵਾ ਪੱਲੇ ਕੁਝ ਵੀ ਨਹੀਂ ਪੈਂਦਾ ।



ਸ਼ਹੀਦ ਊਧਮ ਸਿੰਘ ਜੀ



ਸ਼ਹੀਦ ਭਾਈ ਤਾਰੂ ਸਿੰਘ ਜੀ



ਸ਼ਹੀਦ ਗੰਜ
ਭਾਈ ਤਾਰੂ ਸਿੰਘ ਜੀ ਲਾਹੌਰ